ਅਕਤੂਬਰ 1979

**WATNO DUR**
**October, 1979**
**P.O.Box 67681 Stn.'O'**
**Vancouver, B.C. V5W 3V2**



"ONE-STOP" GROCERY CENTRE

# MAIN FOOD CENTRE

6681 Main St. [at 51st. Ave.]

PHONE: 324-4185

## FIGURE ON SAVINGS

WHEN YOU FOOD SHOP HERE

master charge

VISA

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

LARGE VARIETY OF
RECORDS & 8-TRACKS

SPECIAL OFFER:

ALL SIZES
HEAVY-
BOTTOM
PATILAS

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

CLEANLINESS
LOWEST PRICES —PURE & FRESH
QUALITY GROCERY ITEMS

6681 MAIN STREET, VANCOUVER

# WATNO DUR

**P.O. Box 67681**
**Postal Stn. 'O'**
**Vancouver, B.C.**
**V5W 3V2**

**Vol. 8, No. 75** **October, 1979**

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00



**EDITORIAL BOARD:**
Surinder Dhanjal, 252-6008 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITOR:**
Karamjit Ghuman, 321-6081

**CIRCULATION EDITOR:**
Sarwan Boal, 437-0849

**WATNO DUR REPRESENTATIVES:**
Iqbal Ramuwalia. Toronto (741-7538)
Gurcharan Tallewalia, Richmond (271-4742)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423

Surinder Kailay
P.O. Box Ramgarh
Distt. Ludkiana — 141113
Punjab, India

Jasbir Bath
19 Summertrees Ave. L4920D
Greasby Merseyside
Liverpool, England

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*



ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।


## ਇਸ ਅੰਕ ਵਿਚ:-

**ਕਵਿਤਾ:-**
ਹਰਭਜਨ ਮਾਂਗਟ, ਜਗਦੇਵ ਜਦਾਣਾ, ਕੇਸਰ ਸਿੰਘ, ਪ੍ਰਮਜੀਤ ਦੇਹਲ, ਵਿਊਨ, ਦੀਪ ਕੁੰਦਨ, ਗੁਰਚਰਨ ਸਿੰਘ, ਦੇਵ ਜਹੂਰ

**ਕਹਾਣੀ:-**
ਜਸਵੀਰ ਤੱਟੀ, ਗੁਰਪਾਲ ਅਰਮਾਨੀ

**ਇੰਟਰਵਿਊ —**
ਸਾਧੂ

**ਰੀਪੋਰਟ:-**
ਸਾਧੂ, ਗੁਰਨਾਮ ਗਿੱਲ

## ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਾ ਖਾਸ ਅੰਕ

ਜਨਵਰੀ 1980 ਦਾ "ਵਤਨੋਂ ਦੂਰ" ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਾ ਖਾਸ ਅੰਕ ਹੋਵੇਗਾ। ਇੰਗਲੈਂਡ ਵਸਦੇ ਸਾਰੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਅਣਛਪੀਆਂ ਰਚਨਾਵਾਂ 1979 ਦੇ ਅਖੀਰ ਤੱਕ ਸਾਨੂੰ ਅਪੜਦੀਆਂ ਕਰ ਦੇਣ ਤਾਂ ਕਿ ਉਹਨਾਂ ਨੂੰ ਅਸੀਂ ਠੀਕ ਮੌਕੇ ਛਾਪਿਆ ਜਾ ਸਕੇ। ਰਚਨਾਵਾਂ ਸਾਡੇ ਇੰਗਲੈਂਡ ਦੇ ਨੁਮਾਇੰਦੇ ਜਸਬੀਰ ਬਾਠ ਰਾਹੀਂ ਭੇਜ ਕੇ ਵੀ ਪਹੁੰਚਾਈਆਂ ਜਾ ਸਕਦੀਆਂ ਹਨ ਜਾਂ ਸਿੱਧੀਆਂ "ਵਤਨੋਂ ਦੂਰ" ਦੇ ਪਤੇ ਤੇ ਭੇਜੀਆਂ ਜਾ ਸਕਦੀਆਂ ਹਨ।
ਜਸਬੀਰ ਬਾਠ ਦਾ ਪਤਾ: JASBIR BATH / 19 SUMMER TREE AVE / GREASBY, WIRRAL / LIVERPOOL / ENGLAND

ਮੁੱਖ ਚਿੱਤਰ:- ਜੈਦ

# ਸਾਡੇ ਸਭਿਆਚਾਰਕ ਪ੍ਰੋਗਰਾਮ — ਇਕ ਟਿੱਪਣੀ

— ਸਾਧੂ

ਵੈਨਕੂਵਰ ਦੇ ਕੁਈਨ ਇਲੈਜ਼ਬੈਥ ਥੀਏਟਰ ਵਿਚ ਸਨਿਚਰਵਾਰ ਨੌਂ ਅਕਤੂਬਰ ਦੀ ਸ਼ਾਮ ਨੂੰ ਇਕ ਗੀਤ ਸੰਗੀਤ ਦਾ ਪ੍ਰੋਗਰਾਮ ਦੇਖਣ ਦਾ ਮੌਕਾ ਮਿਲਿਆ। ਹਾਲ 'ਚ ਬੈਠੇ ਤੇ ਤੁਰੇ ਫਿਰਦੇ ਸਰੋਤਿਆਂ ਦੀ ਗਿਣਤੀ ਦੋ ਹਜ਼ਾਰ ਤੋਂ ਉਪਰ ਹੋਵੇਗੀ ਤੇ ਉਹਦੇ ਵਿਚੋਂ ਅੱਸੀ ਫੀ ਸਦੀ ਤੋਂ ਉਪਰ ਪੰਜਾਬੀ। ਸਟੇਜ ਉਪਰ ਕਲਾਕਾਰਾਂ ਵਿਚੋਂ ਵੀ ਬਹੁ ਗਿਣਤੀ ਪੰਜਾਬੀ। ਪ੍ਰੋਗਰਾਮ ਹਿੰਦੀ ਵਿਚ ਚਲ ਰਿਹਾ ਸੀ। ਪਰ ਤਿੰਨ ਘੰਟੇ ਪੰਜਾਬੀ ਬੋਲੀ ਤੇ ਸਭਿਆਚਾਰ ਦਾ ਜਿਹੜਾ ਜਲੂਸ ਕੱਢਿਆ ਗਿਆ ਉਹ ਕੋਈ ਸੌਖ ਨਾਲ ਸਹਾਰਨ ਵਾਲੀ ਗੱਲ ਨਹੀਂ ਸੀ। ਹਾਲ ਵਿਚ ਸ਼ਰਾਬੀਆਂ ਦੀਆਂ ਚੀਕਾਂ, ਸੀਟੀਆਂ, ਬੜਕਾਂ ਤੇ ਗਾਲਾਂ ਤਿੰਨੇ ਘੰਟੇ ਲਗਾਤਾਰ ਚਲਦੀਆਂ ਰਹੀਆਂ। ਤੇ ਸਟੇਜ ਉਪਰ ਜਿਸੇ ਘਸੀ ਹੋਈ ਪੁਰਾਣੀ ਹਿੰਦੀ ਦੀ ਫਿਲਮ ਵਰਗਾ ਪੰਜ ਦੇ ਕਰੀਬ ਪ੍ਰੋਗਰਾਮ ਦੀ ਤਿੰਨ ਘੰਟੇ ਚਲਿਆ। ਸਾਰੇ ਪ੍ਰੋਗਰਾਮ ਵਿਚ ਇਕ ਪਲ ਭਰ ਦੀ ਸਟੇਜ ਉਪਰੋਂ ਇਹੋ ਜਿਹੀ ਚੀਜ਼ ਨਹੀਂ ਪੇਸ਼ ਹੋਈ ਜਿਹੜੀ ਸਰੋਤਿਆਂ ਨੂੰ ਕਿਸੇ ਕਿਸਮ ਦਾ ਕੋਈ ਸਾਫ਼ ਸੁਥਰਾ ਕਲਾਤਮਕ ਅਨੁਭਵ ਦੇ ਸਕਦੀ। ਪ੍ਰੋਗਰਾਮ ਦੇ ਸ਼ੁਰੂ ਵਿਚ ਸਟੇਜ ਤੇ ਚਲਣ ਵਾਲੀ ਹਰ ਆਈਟਮ ਦੇ ਅੰਤ ਹੋਣ ਦੇਣੋ ਹਾਲ ਵਿਚ ਚੁੱਪ ਛਾ ਜਾਂਦੀ ਸੀ। ਪਰ ਹਰ ਆਈਟਮ (ਜਾਂ ਉਹ ਡਾਂਸ ਸੀ ਜਾਂ ਗੀਤ) ਦੀ ਖ਼ੁਸ਼ੀ ਜ਼ਾਹਰ ਤੇ ਚੁੱਪ ਬੈਠੇ ਲੋਕ ਉਠ ਵੀ ਆਪਣੇ ਬਾਗਾਂ ਬਾਗਾਂ ਪੰਦਰਾਂ-ਪੰਦਰਾਂ ਡਾਲਰਾਂ ਦਾ ਟੋਕਾ ਲਿਆ ਤਰਦੇ ਹੋਣਗੇ ਪਰ ਜਿਹਨਾਂ ਅੰਦਰ ਜਾਕੇ ਤੇ ਬੁਲਾਰੀ ਦੀ ਗਰਮੀ ਸੀ ਉਹ ਤਾਂ ਸਿੱਧੀਆਂ ਗਾਲ੍ਹਾਂ ਹੀ ਕੱਢਦੇ ਸਨ।

ਪ੍ਰੋਗਰਾਮ ਦੀ ਗਲ ਕੁਮਾਰ ਤੇ ਲੈਣਾ ਦਾ ਜਾਂ ਵਕਤ ਦੇ ਸਮਝੂਗੀ ਕੀਤੀ ਗਈ ਸੀ। ਤੇ ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਲੋਕ ਗਲ ਕੁਮਾਰ ਤੇ ਲੈਣਾ ਦੇ ਜਾਂ ਕਰਕੇ ਹੀ ਗਏ ਹੋਣ। ਲੈਣਾ ਨੇ ਇਕ ਤਰਤੁ ਦੇ ਵਜਦੇ ਗੀਸਾਰਤ ਨਾਲ ਸਟੇਜ ਤੇ ਐਕਟਿੰਗ ਕੀਤੀ, — ਕੀਤਾ ਤਾਂ ਉਹਨੇ ਡਾਂਸ ਸੀ ਪਰ ਉਹਨੂੰ ਡਾਂਸ ਕਹਿਣਾ, ਡਾਂਸ ਦੀ ਕਲਾ ਦੀ ਤੌਹੀਨ ਹੋਵੇਗੀ। ਲੈਣਾ ਉਸ ਤੋਂ ਬਾਅਦ ਸਟੇਜ ਤੇ ਨਹੀਂ ਆਈ। ਦੂਜਾ ਦੌਰਾ ਜਾਂ ਗਲ ਕੁਮਾਰ, ਪ੍ਰੋਗਰਾਮ ਦੇ ਤੀਜੇ ਹਿੱਸੇ ਵਿਚ ਸਟੇਜ ਉਪਰ ਆਇਆ ਤੇ ਪੰਜਾਬੀ ਵਿਚ ਪ੍ਰਬੰਧਕਾਂ ਤੇ ਸਰੋਤਿਆਂ ਦੇ ਸਾਂਝੇ ਉਦਮ (ਉਹਨਾਂ ਨੂੰ ਇਥੇ ਸੱਦਣ ਦੇ ਉਦਮ) ਦੀ ਸ਼ਲਾਘਾ ਕਰਕੇ ਇਕ ਗਾਇਕ ਆਉਣ ਦਾ ਵਾਹਿਦਾ ਕਰਕੇ ਚਲਾ ਗਿਆ। ਉਸੇ ਵੇਲੇ ਹਰ ਕਿਸੇ ਨੂੰ ਪਤਾ ਸੀ ਕਿ 'ਵਕਤ' ਦੇ 'ਤਾਰੂ' ਗਾਇਕ ਨਹੀਂ ਆਉਣਗੇ। ਤੇ ਇਹ ਸਭ ਤੋਂ ਵੱਡਾ ਧੋਖਾ ਸੀ ਪ੍ਰਬੰਧਕਾਂ ਵਲੋਂ ਜਿਹਦੇ ਜਵਾਬ ਵਿਚ ਦੇ ਲੋਕਾਂ ਵਲੋਂ ਕੋਈ ਰੌਲਾ ਗੌਲਾ ਵੀ ਹੋ ਜਾਂਦਾ ਤਾਂ ਜਾਇਜ਼ ਹੋਣਾ ਸੀ।

ਬਾਕੀ ਦੇ ਕਲਾਕਾਰ ਤਾਪੀ ਲਹਿਰੀ, ਮੀਰਚੰਦ, ਮਿਹਰ ਮਿਤਲ ਤੇ ਮਿੱਠਾ ਆਦਿ ਨੂੰ ਸਟੇਜ ਤੇ ਮਿਹਰ ਇਕ ਇਕ ਵਾਰ ਆਉਣਾ ਚਾਹੀਦਾ ਸੀ ਪਰ ਉਹਨਾਂ ਨੂੰ ਬਾਰ ਬਾਰ ਸਰੋਤਿਆਂ ਉਪਰ ਠੋਸਿਆ ਗਿਆ ਜਦ ਕਿ ਹਾਲ ਵਿਚੋਂ ਇਸ ਦੇ ਵਿਰੁੱਧ ਚੀਕਾਂ ਸੀਟੀਆਂ, ਲਗਾਤਾਰ ਵੱਜਦੀਆਂ ਰਹੀਆਂ। ਸਟੇਜ ਉਪਰ ਮਿਹਰ ਸਟੇਜ ਸਕੱਤਰ ਬੜੀ ਕਾਮਯਾਬ ਹੋਈ। ਪਰ ਪਤਾ ਨਹੀਂ ਉਹਨੇ ਖੁਦ ਆਪਣੇ ਸ਼ੌਕ ਨਾਲ ਜਾਂ ਪ੍ਰਬੰਧਕਾਂ ਦੀ ਹਦਾਇਤ 'ਤੇ ਜਿੰਨੇ ਵੀ ਚੁਟਕਲੇ ਸੁਣਾਏ, ਉਹ ਸਾਰੇ ਹੀ ਨਫ਼ਰਤ ਭਰੀ ਕਿਸਮ ਦੇ ਤੇ ਘਸੇ ਹੋਏ ਸਨ। ਸਟੇਜ ਸਕੱਤਰ ਨੇ ਲੋਕਾਂ ਦੇ ਭੋਲੇ ਦੇ ਦਵਾਮ ਕੱਲੇ ਆਕੇ ਤਾਪੀ ਲਹਿਰੀ ਵਲੋਂ ਪੰਜਾਬੀ ਵਿਚ ਗਾਏ ਗਾਣੇ ਜਿਹੜੀ ਕਿ ਸਰੇਆਮ ਪੰਜਾਬੀ ਬੋਲੀ ਤੇ ਗੀਤਾਂ ਦੀ ਬੇ-ਇਜ਼ਤੀ ਸੀ। ਜਿਹਦੇ ਵਿਚ ਇੱਲੀ ਕਲੂਰ ਤਾਪੀ ਲਹਿਰੀ ਦੀ ਨਹੀਂ ਜਿੰਨੀ ਉਹਦੇ ਤੋਂ ਕਰਾਉਣ ਵਾਲਿਆਂ ਦੀ। ਸਟੇਜ ਸਕੱਤਰ ਉਹਨੂੰ ਇਸ ਤਰ੍ਹਾਂ ਪੇਸ਼ ਕਰ ਰਹੀ ਸੀ ਜਿਵੇਂ ਕਿਸੇ ਨੇ ਆਪਣੇ ਘਰ ਦਾ ਜਿਆਦਾ ਚਮਚਾ ਲੱਭਿਆ ਹੋਵੇ ਤੇ ਹਰ ਆਏ ਮੁਰਗੇ ਪਕੜ ਕਰਕੇ ਕਹੀ ਜਾਏ "ਜਾ ਤਾਪੀ ਪਿਆਰੇ ਨੂੰ ਤਾਂ ਕਮਾਲ ਦਾ ਗਾਉਂਦਾ ਏ"। ਤਾਪੀ ਪਿਆਰਾ ਵਿਚਾਰਾ ਕੀ ਕਰੇ, ਜਿਸ ਤਰ੍ਹਾਂ ਜੋ ਕੁਝ ਮਿਹਰ ਮਿਤਲ ਵੱਲੋਂ ਪੰਜਾਬੀ ਦੇ ਨਾਂ ਤੇ ਕਰਾਇਆ ਗਿਆ — ਉਸ ਤੋਂ ਬਾਅਦ ਜੇ ਕੋਈ ਹਾਲ 'ਚ ਬੈਠੇ ਸ਼ਰਾਬੀਆਂ ਦੀਆਂ ਹਰਕਤਾਂ ਵੱਲ ਉਂਗਲੀ ਕਰੇ ਤਾਂ ਉਹ ਇਨਸਾਫ਼ ਵਾਲੀ ਗੱਲ ਨਹੀਂ ਹੋਵੇਗੀ।

ਇਹੋ ਜਿਹੇ ਪ੍ਰੋਗਰਾਮਾਂ ਉਪਰ ਹਮੇਸ਼ਾ ਆਪਣੀ ਕਮਿਊਨਿਟੀ ਦੇ ਮੁੰਡਿਆਂ ਨੂੰ ਹੀ ਦੋਸ਼ ਲਾਉਣ ਲਈ ਕਸੂਰਵਾਰ ਠਹਿਰਾਇਆ ਜਾਂਦਾ ਹੈ ਪਰ ਇਸ ਪ੍ਰੋਗਰਾਮ ਨੂੰ ਦੇਖਣ ਬਾਅਦ (ਪਹਿਲਾਂ ਵੀ ਇਸ ਕਿਸਮ ਦੇ ਹੋਰ ਪ੍ਰੋਗਰਾਮ ਹੋਏ ਹਨ) ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕਮਿਊਨਿਟੀ ਦੇ ਵਿਚਰਨਸ਼ੀਲਾਂ ਦੀਆਂ ਪੇਸ਼ ਕਰੀਆਂ ਕਰਤੂਤਾਂ ਵੱਲ ਵੀ ਧਿਆਨ ਦਿੱਤਾ ਜਾਵੇ। ਕੀ ਇਹ ਸ਼ਰਮਨਾਕ ਵੇਸ਼ਵਾਰੀ ਨਹੀਂ ਕਿ ਕਿਸੇ ਵੱਡੇ ਫਿਲਮੀ ਸਿਤਾਰੇ ਦਾ ਨਾਂ ਵਰਤ ਕੇ ਲੋਕ ਇੱਕਠੇ ਕਰ ਲੈਣ ਤੇ ਬਾਅਦ ਵਿਚ ਉਹ ਮਿਹਰ ਸਟੇਜ ਤੇ ਆਕੇ ਪ੍ਰਬੰਧਕਾਂ ਦਾ ਸ਼ੁਕਰੀਆ ਅਦਾ ਕਰ ਦੇਣ। ਟਿਕਟਾਂ ਉਪਰ ਇਕ ਐਕਟਰ ਹੈ ਕੀ ਉਹ ਕੋਈ ਛੋਟੀ ਮੋਟੀ ਆਈਟਮ ਵੀ ਸਟੇਜ ਤੋਂ ਨਹੀਂ ਸੀ ਪੇਸ਼ ਕਰ ਸਕਦਾ? ਪਰ ਇਸ ਗੱਲ ਦੀ ਪ੍ਰਵਾਹ ਕਿਸ ਨੂੰ ਹੈ। ਜੇ ਲੋਕਾਂ ਨੇ ਕੋਈ ਪਾਈ ਤਾਂ ਸਿਧਾ ਬਣਦਾ ਤਾਂ ਹੈ ਹੀ ਕਿ ਸ਼ਰਾਬੀ ਹੋਕੀ ਪਾਉਂਦੇ ਸਨ। ਪਰ ਜਿਹੜੇ ਲੋਕ ਆਪਣੇ ਟਿਕਟਾਂ ਨਾਲ ਜਾਂਦੇ ਹਨ ਚੁੱਪ ਕਰਕੇ ਬੈਠਦੇ ਹਨ, ਉਹਨਾਂ ਵਿਚਾਰਿਆਂ ਦੇ ਸਮੇਂ ਤੇ ਪੈਸੇ ਬਰਬਾਦ ਹੋਏ, ਦਾ ਕੀ ਹੋਵੇ? ਹਰੀ ਗੱਲ ਦੋਸ਼ ਲਾਉਣ ਵਾਲੇ ਮੁੰਡਿਆਂ ਦੀ। ਉਹ ਵਿਚਾਰੇ ਕਿਸੇ ਪਰਿਵਾਰ ਤੋਂ ਉਹ ਦੇ ਇਹ ਸਭ ਕੁਝ ਨਹੀਂ ਕਰਨ ਲੱਗ ਪਏ। ਉਹ ਇਸ ਸਮਾਜ ਦੀ ਪੈਦਾਵਾਰ ਹਨ। ਉਹ ਇੱਕਲੇ ਹੀ ਇਹ ਸਭ ਕੁਝ ਨਹੀਂ ਕਰਦੇ। ਉਦਾਹਰਣ ਵਜੋਂ ਜਦੋਂ ਅਸੀਂ ਇਹ ਪ੍ਰੋਗਰਾਮ ਦੇਖਕੇ ਵਾਪਸ ਆ ਰਹੇ ਸੀ ਤਾਂ ਗੋਰਿਆਂ ਦੇ ਮੁੰਡਿਆਂ ਦੇ ਚਾਰ ਗਰੁੱਪ, ਦੋ ਵਾਹਨ ਵਿਚ, ਇਕ ਬੱਸ ਸਟਾਪ ਉਪਰ ਤੇ ਇਕ ਫਿਗਰੋਏ ਉਪਰ ਨਸ਼ੇ ਨਾਲ ਰੱਜੇ ਫਿਰਦੇ ਦੇਖੇ। ਫਿਗਰੋਏ ਤੇ ਵਾਈਟ ਰੌਕ ਵਲੀ ਤੇਜ਼ ਚੱਲਦਾ TEEN-AGE ਮੁੰਡੇ ਸੜਕ ਵਿਚ ਬੀਅਰ ਦੀਆਂ ਬੋਤਲਾਂ ਤੋੜ ਰਹੇ ਸਨ। ਜਿਸ ਤਰ੍ਹਾਂ ਸਾਡੇ ਮੁੰਡੇ ਹੀ ਇਥੋਂ ਦੀ ਪੈਦਾਇਸ਼ ਹਨ ਉਹਨਾਂ ਨੇ ਵੀ ਇਹੋ ਕਰਨਾ ਹੈ। ਬੇਹੁਦਾ ਦੇ ਸਮੁੱਚੇ ਸਮਾਜ ਤੇ ਇਥੋਂ ਦੇ ਆਰਥਿਕ ਢਾਂਚੇ ਦਾ ਨਤੀਜਾ ਹੈ। ਅਸੀਂ ਆਪਣੇ ਤੌਰ ਤੇ ਆਪਣੀ ਕਮਿਊਨਿਟੀ ਵਿਚ ਇਸ ਬਾਰੇ ਬਹੁਤਾ ਕੁਝ ਨਹੀਂ ਕਰ ਸਕਦੇ। ਖ਼ਾਸ ਤੌਰ ਤੇ ਜਿੰਨਾ ਚਿਰ ਅਸੀਂ ਆਪਣੀ ਵਾਗ ਡੋਰ ਧਾਰਮਿਕ ਅਸਥਾਨਾਂ ਤੇ ਧਾਰਮਿਕ ਅਦਾਰਿਆਂ ਹੱਥ ਦੇਈ ਰੱਖੀ। ਸਭਿਆਚਾਰਕ ਪ੍ਰੋਗਰਾਮਾਂ ਤੇ ਮਿਲਣੀਆਂ ਵਿਚ ਨੌਜਵਾਨ ਸ਼ਰਾਬੀ ਮੁੰਡਿਆਂ ਦੀਆਂ ਹਰਕਤਾਂ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਕਿ ਚੰਗੇ ਪ੍ਰੋਗਰਾਮ ਤੇ ਫਿਲਮਾਂ ਪੇਸ਼ ਕੀਤੀਆਂ ਜਾਣ। ਇਸ ਦੀਆਂ ਅਸੀਂ ਕਈ ਉਦਾਹਰਣਾਂ ਦੇਖ ਸਕਦੇ ਹਾਂ। ਜਦੋਂ ਕਦੀ ਕੋਈ ਚੰਗਾ ਪ੍ਰੋਗਰਾਮ ਹੋਵੇ ਤਾਂ ਸ਼ਰਾਬੀਆਂ ਦਾ ਹੌਂਸਲਾ ਹੀ ਨਹੀਂ ਪੈਂਦਾ ਦੋਸ਼ ਕਰਨ ਦਾ ਅੱਵਲ ਤਾਂ ਉਹ ਜਾਂਦੇ ਹੀ ਨਹੀਂ। ਇਸੇ ਤਰ੍ਹਾਂ ਜਦੋਂ ਕਦੇ ਵੀ ਕੋਈ ਕੰਮ ਦੀ ਸੰਜੀਦਾ ਫਿਲਮ ਹੋਵੇ ਤਾਂ ਉਥੇ ਇਹ ਮੁੰਡੇ ਜਾਂਦੇ ਹੀ ਨਹੀਂ ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਕੋਲੋਂ ਉਥੇ ਦੋਸ਼ ਨਹੀਂ ਪਾ ਹੋਣੀ। ਸੋ ਬਜਾਏ ਇਸਦੇ ਕਿ ਅਸੀਂ ਸਭ ਕੁਝ ਦੇ ਕਸੂਰਵਾਰ ਮੁੰਡਿਆਂ ਨੂੰ ਠਹਿਰਾਈ ਜਾਈਏ ਸਾਨੂੰ ਆਪਣੇ ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਵੱਲ ਤੇ ਫਿਲਮਾਂ ਦੇ ਪੱਧਰ ਵੱਲ ਵੀ ਨਿਗਾਹ ਮਾਰਨੀ ਚਾਹੀਦੀ ਹੈ। ਕਿਉਂ ਸਭ ਕਾਸੇ ਦੀ ਅਸਲੀ ਜੜ੍ਹ ਉਥੇ ਹੈ।

ਵਤਨੋਂ ਦੂਰ ਆਰਟ ਫਾਊਂਡੇਸ਼ਨ

ਵਲੋਂ

ਵੈਨਕੂਵਰ ਵਿਚ ਪੇਸ਼ ਹੈ ਪੰਜਾਬੀ ਦਾ ਨਵਾਂ ਇਤਿਹਾਸਕ ਡਰਾਮਾ

# ਕਾਮਾਗਾਟਾਮਾਰੂ

ਲੇਖਕ ਤੇ ਨਿਰਦੇਸ਼ਕ: ਅਜਮੇਰ ਰੋਡੇ

ਪਾਤਰ :

ਸੁਖਵੰਤ ਢੀਂਡਸਾ
ਸੁਰਜੀਤ ਕਲਸੀ
ਅੰਮ੍ਰਿਤ ਮਾਨ
ਸੁਰਤੀ
ਪੁਸ਼ਪਿੰਦਰ
ਇੰਦਰਜੀਤ
ਤਰਪੂਰ

ਪਾਤਰ:

ਗੁਰਚਰਨ ਦੂਆ
ਭੂਪਿੰਦਰ ਧਾਲੀਵਾਲ
ਇੰਦਰੇਸ਼
ਚਰਨਜੀਤ ਸਿੱਧੂ
ਭਦਖੰਡਨ
ਸੁਖਵੰਤ ਹੁੰਦਲ




ਬਾਬਾ ਗੁਰਦਿੱਤ ਸਿੰਘ
ਕਾਮਾਗਾਟਾਮਾਰੂ ਦੇ ਮਹਾਨ ਲੀਡਰ

ਸ਼ਹੀਦ ਮੇਵਾ ਸਿੰਘ (MEWA SINGH)
ਕਾਮਾਗਾਟਾਮਾਰੂ ਲਈ ਸਰਗਰਮ

ਸੰਗੀਤ :
ਨਰਿੰਦਰ ਤਾਗੀ

ਟਿਕਟ 3 ਡਾਲਰ

ਲਾਈਟਿੰਗ :
ਪਾਲ ਬਿਲਿੰਗ

ਬੱਚਿਆਂ ਦੀ ਟਿਕਟ:
ਇਕ ਡਾਲਰ

27 ਅਕਤੂਬਰ 79, ਸ਼ਨਿਚਰਵਾਰ ਸ਼ਾਮ ਦੇ ਠੀਕ 7 ਵਜੇ ਖੇਡਿਆ ਜਾ ਰਿਹਾ ਹੈ
ਥਾਮਪਸਨ ਸੈਕੰਡਰੀ ਸਕੂਲ 1755 E. 55 AVE. ਦੀ ਸਟੇਜ ਉੱਤੇ

## AT THOMPSON SECONDRY SCHOOL

**27 OCTOBER 1979 SATURDAY 7:00 PM SHARP $3.00**

ਖ਼ੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਸੱਤ ਡਾਲਰ ਤੇ ਛਿਮਾਹੀ ਚੰਦਾ ਚਾਰ ਡਾਲਰ ਹੈ।

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ!

## THE WATNO DŪR

ਵਤਨੋਂ ਦੂਰ

ਉੱਤਰੀ ਅਮਰੀਕਾ ਮਹਾਂਦੀਪ ਵਿੱਚ ਪੰਜਾਬੀ ਦਾ ਇਕੋ ਇਕ ਸਾਹਿੱਤਕ-ਸੱਭਿਆਚਾਰਕ ਮਾਸਿਕ

ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ,
- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:

.................................... ....................................
.................................... ....................................
.................................... ....................................
.................................... ....................................


THINKING OF TRAVEL?
WE CAN SAVE YOU MONEY,
TIME AND TROUBLE
GROUPS – CHARTER – EXCURSION
PAY LATER
SPECIAL IMMIGRANT FARES
AVAILABLE

GOYAL TRAVEL

4160 FRASER STREET,
VANCOUVER 10, B.C.
PHONE: 872-7658

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India). Phone 555



ਭਾਰਤੀ ਆਰਟ ਜਿਊਲਰਜ਼
ORIENTAL SILVER AND GOLD JEWELRY REPAIRING



BHARTI ART JEWELLERS
Specialist in East Indian Jewelry Craftware

RASIK PAREKH
Res.: 879-5610
Store: 874-9448
865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Rai


## ਨਵੀਂ ਪੁਸਤਕ

- ਘੀਚ ਮਚੋਲੀਆਂ (ਕਵਿਤਾਵਾਂ)
  doodles and scribbles
  ਲੇਖਕ: ਹਰਦੇਵ
  ਪ੍ਰਕਾਸ਼ਕ: ਸ਼ਬਦ ਪਬਲੀਕੇਸ਼ਨਜ਼ ਓਡੇਨ, ਔਨਟੇਰੀਓ

- ਸੁਰਤੀ (ਕਵਿਤਾਵਾਂ)
  ਲੇਖਕ: ਅਜਮੇਰ ਰੋਡੇ
  ਪ੍ਰਕਾਸ਼ਕ: ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
  ਪੰਨੇ: 88; ਕੀਮਤ: 15 ਰੁਪਏ

- ਪੌਣਾਂ ਨਾਲ ਗੁਫ਼ਤਗੂ (ਕਵਿਤਾਵਾਂ)
  ਲੇਖਕ: ਸੁਰਜੀਤ ਕਲਸੀ
  ਪ੍ਰਕਾਸ਼ਕ: ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
  ਪੰਨੇ: 96; ਕੀਮਤ: 15 ਰੁਪਏ

- ਤਿੰਨ ਕੋਣ (ਕਵਿਤਾਵਾਂ)
  ਲੇਖਕ: ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਸੁਖਿੰਦਰ
  ਪ੍ਰਕਾਸ਼ਕ: ਵਤਨੋਂ ਦੂਰ ਪਬਲੀਕੇਸ਼ਨਜ਼, ਵੈਨਕੂਵਰ
  ਪੰਨੇ: 30; ਕੀਮਤ: ਤਿੰਨ ਡਾਲਰ

# ਚਰਵਾਹੇ / ਸ਼ਮਸ਼ੇਰ (ਫੈਨਟੂਨਰ)

"ਕੀਰਤੀ, ਕੀਰਤੀ! ਉਇ ਕੀਰਤੀ!

ਕੀਰਤੀ ਦਾ ਮੱਥਾ ਠਨਕਿਆ। ਮੱਥੇ ਤੇ ਵੱਟ ਉਠ ਆਏ। ਅੱਖਾਂ 'ਚ ਗੁੱਸੇ ਦੀ ਲਹਿਰ ਫਿਰ ਗਈ। ਖਿੱਝੀਆਂ ਅੱਖਾਂ ਨਾਲ ਥੋੜਾ ਮੂੰਹ ਘੁਮਾ ਜੀਤੇ ਵਲ ਵੇਖਿਆ; ਮੁੜ ਆਪਣੇ ਕੰਮ 'ਚ ਰੁੱਝ ਗਿਆ।

"ਕੀ ਕਰਦਾ ਆਂ ਉਇ?"

ਕੀਰਤੀ ਕੁਝ ਨਾ ਬੋਲਿਆ। ਚੁੱਪ ਚਾਪ ਮੱਠ ਵਿਚੋਂ ਗਿੱਲਾ ਰੇਤਾ ਕੱਢੀ ਜਾਂਦਾ। ਹੌਲੀ ਹੌਲੀ ਡਿਗਦਾ ਰੇਤ ਦਾ ਕੱਲਾ ਕੱਲਾ ਕਿਣਕਾ ਜਮਾਂ ਹੁੰਦਾ ਹੁੰਦਾ ਮੱਮਟੀ ਦੀ ਸ਼ਕਲ 'ਚ ਗਿੱਠ ਭਰ ਉਤਾਂਹ ਨੂੰ ਉੱਠ ਆਇਆ। ਗੱਲੂ ਮੰਦਰ ਦੀਆਂ ਕੰਧਾਂ ਬਣਾ ਰਿਹਾ ਸੀ। ਜਦੋਂ ਲੋੜ ਪੈਂਦੀ ਮਿੰਦੋ ਕੁੰਮ ਵਿਚੋਂ ਪਾਣੀ ਦਾ ਚੁੱਲੂ ਭਰ ਰੇਤੇ ਵਿਚ ਡਿੱਗਿਆ ਸੁੱਟਦੀ। ਜੀਤਾ ਕੁਝ ਪਲ ਹੋ ਕੇ ਕੋਲ ਖੜਾ ਉਹਨਾਂ ਵਲ ਵੇਖਦਾ ਰਿਹਾ। ਜੈਲੀ, ਪਾਲੋ, ਨੰਦੀ, ਰਸ਼ਪਾਲ, ਤੇ ਹਰਦੀਪ ਵੀ ਜੀਤੇ ਕੋਲ ਆ ਰੁਕੇ। ਉਹਨੇ ਖਿੱਝ ਕੇ ਫਿਰ ਪੁੱਛਿਆ, "ਉਇ...।"

"ਕੀਆ?" ਕੀਰਤੀ ਨੇ ਛੁੱਟ ਜਵਾਬ ਦਿਤਾ। ਉਹ ਅਜੇ ਵੀ ਖਿੱਝਿਆ ਹੋਇਆ ਸੀ।

"ਕੀ ਕਰਨੈਂ ਆਂ, ਮੈਂ ਪੁੱਛਦਾਂ, ਅੱਛਾ।"

"ਮੰਦਰ ਬਣਾਉਂਦੇ ਆਂ..." ਕੀਰਤੀ ਨੇ ਗੀਝ ਕੇ ਕਿਹਾ। ਬਾਅਦ ਵਿਚ ਉਹ ਹੌਲੀ ਜਿਹੀ ਬੋਲਿਆ ਜਿਹੜਾ ਉਨ੍ਹਾਂ ਨੂੰ ਸੁਣ ਨਾ ਪਵੇ, "ਅੰਨ੍ਹੇ ਐ ਸਾਲੇ ਦਿਸਦਾ ਈ ਨੀ।"

"ਉਹ ਤਾਂਡੀਆਂ ਸੁਣਾ ਦੀਆਂ ਕਿਥੇ ਪਹੁੰਚ ਗਈਆਂ ਚੁਗਦੀਆਂ ਚੁਗਦੀਆਂ?"

ਕੀਰਤੀ ਨੇ ਥੋੜਾ ਸਿਰ ਮੂੰਹ ਪਰਤ ਜੀਤੇ ਵਲ ਵੇਖਿਆ, ਪਰ ਅੱਖਾਂ ਨਾ ਮਿਲਾਈਆਂ। ਗੱਲੂ ਵੀ ਛੁੱਟ ਉੱਠ ਕੀਰਤੀ ਅੱਗੇ ਆ ਬੈਠਿਆ। ਬਾਹਾਂ ਗੋਡਿਆਂ ਉੱਤੋਂ ਦੀ ਪਸਾਰ ਹੱਥਾਂ ਦੀ ਕੰਘੀ ਮੇਲ ਉਤਸੁਕਤਾ ਭਰਿਆ ਕੀਰਤੀ ਵਲ ਵੇਖਣ ਲੱਗਾ। ਉਹ ਸੋਚਦਾ ਕੀਰਤੀ ਜਵਾਬ ਦੇ ਦੇਵੇ ਤਾਂ ਚੰਗਾ ਐ।

"ਚਲ ਉਇ ਗੱਲੂ ਚਲੀਏ ਨਹੀਂ ਤਾਂ ਮਾਂ ਇਆਂ ਜਾਣਾ ਨੇ ਕੁੱਟਣ ਲੱਗ ਪੈਣਾ ਆ ਕੇ।"

"ਕੁੱਟਣ ਤਾਂ?, ਨਾਲੇ ਅਸੀਂ ਨੀ ਜਾਣਾ। ਮੰਦਰ ਦੀਆਂ ਅਸੀਂ ਈ ਤਾਂ ਮੌੜੀਆਂ ਪਾਈਐਂ; ਆਪ ਕੁੰਮ 'ਚ ਨਹਾਉਂਦੇ ਰਹੇ ਓ। ਆ ਗਏ ਹੁਣ ਫਿਰਦੇ ਕਿਤਿਉਂ।" ਗੱਲੂ ਗੱਲ ਕਰਦਾ ਔਖਾ ਸੀ।

ਜੀਤੇ ਹੋਰਾਂ ਨੂੰ ਉਨ੍ਹਾਂ ਦੀ ਖੁਸਰ ਮੁਸਰ ਸੁਣ ਰਹੀ ਸੀ ਪਰ ਸਾਫ਼ ਕੁਝ ਵੀ ਪਲੇ ਨਹੀਂ ਸੀ ਪੈ ਰਿਹਾ।

"ਉਇ ਕੀ ਕੈਨੇ ਆਂ? ਕੀ ਇਰਾਦਾ ਆ ਤੁਹਾਡਾ?" ਜੈਲੀ ਨੇ ਆਵਾਜ਼ ਮਾਰੀ।

"ਮੰਦਰ ਦੀਆਂ ਕਿੰਨੀਆਂ ਮੌੜੀਆਂ ਪਾਈਆਂ ਅਸੀਂ? ਹੂੰ।" ਗੱਲੂ ਨੇ ਚਮਕ ਕੇ ਜਵਾਬ ਦਿਤਾ।

"ਪਾਸੇ ਸੋਕ ਰਉਂ ਬਹੁਤਾ ਲੱਗਾ ਵੈਂ ਵੈਂ ਕਰਨ ਤਾਂ, ਚੁੱਪ ਕਰਕੇ ਵਗ ਜਾਉ।" ਜੈਲੀ ਨੇ ਗੱਲੂ ਨੂੰ ਦਬਕਾ ਮਾਰਿਆ। ਜੈਲੀ ਗੱਲੂ ਦਾ ਵੱਡਾ ਭਰਾ ਸੀ। ਜੀਤਾ ਕੀਰਤੀ ਦਾ। ਜੈਲੀ, ਜੀਤਾ ਤੇ ਪਾਲੋ ਹਮਜਮਾਤੀ ਸਨ। ਪੰਜਵੀਂ ਜਮਾਤ 'ਚ ਸਨ। ਗੱਲੂ, ਕੀਰਤੀ ਤੇ ਮਿੰਦੋ ਚੌਥੀ ਜਮਾਤ 'ਚ ਜਮਾਤੀ ਸਨ। ਨੰਦੀ, ਕੁੰਮਣ ਕੁਮਾਰ ਦਾ ਮੁੰਡਾ ਜਿਹੜਾ ਕਦੀ ਜੈਲੀ ਹੋਰਾਂ ਦਾ ਜਮਾਤੀ ਸੀ ਤੀਜੀ ਜਮਾਤ ਤੋਂ ਅੱਗੇ ਪੜ੍ਹਨ ਨਹੀਂ ਸੀ ਲੱਗਾ। ਹਰਦੀਪ ਤੇ ਰਸ਼ਪਾਲ ਭੈਣ ਭਰਾ ਸਨ, ਉਨ੍ਹਾਂ ਦਾ ਪਾਪਾ ਜੀ ਫੌਜ 'ਚ ਨੌਕਰ ਸੀ। ਪਸ਼ੂ ਚਾਰਨ ਆਏ ਉਹ ਨੇ ਚਰਵਾਹੇ ਸਨ ਤੇ ਕੁਲ ਮਿਲਾਕੇ ਉਹਨਾਂ ਕੋਲ ਗਿਆਰਾਂ ਪਸ਼ੂ ਸਨ।

"ਸੋਕ ਰਉ ਤੂ... ਤੂੰ... ਤੇਰੇ ਨਾ ਸੇਕੂੰ?" ਗੱਲੂ ਨੇ ਛੁੱਟ ਜਵਾਬ ਦਿਤਾ

"ਖੜਾ ਹੋ ਤੇਰੀ ਮਾਂ ਨੂੰ..." ਜੈਲੀ ਗਾਲ੍ਹ ਕੱਢਦਾ ਕਾਹਲੀ ਨਾਲ ਕੰਢੇ ਤੋਂ ਚੋ ਵਿਚ ਉਤਰਿਆ।

ਗੱਲੂ ਭੱਜ ਕੇ ਚੋ ਦੇ ਦੂਜੇ ਕੰਢੇ ਤੇ ਜਾ ਚੜ੍ਹਿਆ ਜਿਧਰ ਮੱਝਾਂ ਚੁਗਦੀਆਂ ਸਨ। ਕੀਰਤੀ ਤੇ ਮਿੰਦੋ ਕੁੰਮ ਦੇ ਉਪਰੋਂ ਦੀ ਘੁੰਮਕੇ ਗੱਲੂ ਕੋਲ ਜਾ ਪਹੁੰਚੇ। ਜੈਲੀ ਮੰਦਰ ਕੋਲ ਆ ਰੁਕਿਆ। ਜੀਤੇ, ਨੰਦੀ ਹੋਰੀ ਵੀ ਸਭ ਚੋ ਵਿਚ ਉਤਰ ਆਏ ਸਨ।

ਗੱਲੂ ਚਾਂਦਰ ਹਰਕਤਾਂ ਨਾਲ ਉਹਨਾਂ ਨੂੰ ਚਿੜਾਉਣ ਲੱਗਾ। ਕੀਰਤੀ ਮਾੜਾ ਮਾੜਾ ਹੱਸਦਾ, ਪਰ ਮਿੰਦੋ ਖਿੜ ਖਿੜ ਹੱਸ ਰਹੀ ਸੀ।

"ਸਾਲੇ ਮੰਦਰ ਦੇ" ਜੈਲੀ ਨੇ ਖਿੱਝ ਕੇ ਮੰਦਰ 'ਚ ਠੁੱਡਾ ਮਾਰਿਆ; ਮੰਦਰ ਢਹਿ ਢੇਰੀ ਹੋ ਗਿਆ।

"ਫੜ ਲਾ, ਫੜ ਲਾ ਪੇ ਨੂੰ, ਜਿਵੇਂ ਫਿਰ ਜਾਣੂ ਕੋਲੋ ਬਚਣਾ ਨੀ।" ਜੀਤਾ ਲਲਕਾਰੀ ਵੱਟ ਕੇ ਉਨ੍ਹਾਂ ਵਲ ਦੌੜਿਆ। ਮਗਰ ਨੰਦੀ ਤੇ ਜੈਲੀ। ਗੱਲੂ ਹੋਰੀ ਤਿੰਨੇ ਵੀ ਭੱਜੇ। ਮਿੰਦੋ ਜ਼ੋਰ ਲਾਉਂਦੀ ਪਰ ਉਹ ਪਿੱਛੇ ਰਹੀ ਜਾਂਦੀ; ਡਰ ਨਾਲ ਉਹਦਾ ਰੋਣ ਨਿਕਲ ਗਿਆ। ਗੱਲੂ ਨੇ ਥੋੜਾ ਪਿੱਛੇ ਨੂੰ ਵੇਖਿਆ ਜੈਲੀ ਹੋਰੀ ਚੋ 'ਚੋਂ ਬਾਹਰ ਆ ਚੁੱਕੇ ਸਨ। ਉਹਨੂੰ ਖਿਆਲ ਆਇਆ... "ਮਿੰਦੋ ਨੂੰ ਜੇ ਫੜ ਲਿਆ ਤਾਂ ...।"

"ਕੀਰਤੀ" ਗੁੱਡੂ ਨੇ ਕੀਰਤੀ ਨੂੰ ਟੋਕਿਆ। ਸਿਏਂ ਵੀ ਉਹਨਾਂ ਤੱਕ ਪਹੁੰਚ ਗਈ ਸੀ।

"ਹਾਂ, ਆਜਾ ਬਾਹਾਂ ਫੜਾਏਂ।" ਕੀਰਤੀ ਗੁੱਡੂ ਦਾ ਇਸ਼ਾਰਾ ਸਮਝ ਗਿਆ ਸੀ। ਉਹਨਾਂ ਸਿਏਂ ਦੀਆਂ ਬਾਹਾਂ ਫੜੀਆਂ ਅਤੇ ਆਪਣੇ ਘਰ ਦੇ ਉਹਨੂੰ ਨਾਲ ਘਸੀਟਦਿਆਂ ਤੇਜ਼ੀ ਨਾਲ ਦੌੜੇ। ਸਿਏਂ ਵੀ ਆਪਣਾ ਪੂਰਾ ਜ਼ੋਰ ਲਾ ਰਹੀ ਸੀ। ਗੁੱਡੂ ਅਤੇ ਕੀਰਤੀ ਤੋਂ ਜਿਵੇਂ ਸਾਰੇ ਕਮਰੇ ਉਹਦੀ ਸ਼ਕਲ ਆਮ ਨਾਲੋਂ ਵੱਡੀ ਹੁੰਦੀ ਜਾ ਰਹੀ ਸੀ। ਉਹਦੀਆਂ ਲੱਤਾਂ ਹਰ ਕਦਮ ਤੇ ਉੱਖੜ ਉੱਖੜ ਜਾਂਦੀਆਂ। ਉਹਨੂੰ ਲੱਗਦਾ ਉਹ ਰੂੰ ਦੀ ਬਣੀ ਰੂੰ ਦੀ ਬਣੀ। ਜੈਲੀ ਹੋਣ ਦਾ ਡਰ ਆਉਂਦਾ ਤਾਂ ਉਹਦੀ ਡੁੱਬਦੀ ਜਿਹੀ ਸੋਹ ਨਿਕਲ ਜਾਂਦੀ।

ਇੱਕੀ ਦੂਰ ਆ ਕੇ ਗੁੱਡੂ ਨੇ ਪਿੱਛੇ ਤੱਕਿਆ। ਜੈਲੀ ਹੋਣੀ ਦੇ ਵਲ ਨੂੰ ਮੁੜ ਜਾ ਰਹੇ ਸਨ। ਸਿਏਂ ਦਾ ਹੱਥ ਛੁੱਟ ਉਹ ਉੱਥੇ ਹੀ ਜ਼ਮੀਨ ਤੇ ਡਿੱਗ ਪਏ — "ਉਹ... ਉਹ... ਤਾਂ... ਹੁਣ... ਹੁਣ... ਪਿੱਛੇ... ਹੀ... ਮੁੜ ...ਗਏ ਆ।" ਗੁੱਡੂ ਤੋਂ ਮਸੀਂ ਆਪਣਾ ਵਾਕ ਪੂਰਾ ਹੋਇਆ। ਸਿਏਂ ਤੇ ਕੀਰਤੀ ਵੀ ਜ਼ਮੀਨ ਤੇ ਲਿਟ ਗਏ। ਕੁਝ ਪਲਾਂ ਬਾਅਦ ਸਿਏਂ ਉੱਠ ਬੈਠੀ। ਆਪਣੇ ਮੋਢਿਆਂ ਨਾਲ ਅੱਖਾਂ 'ਚੋਂ ਵਗੇ ਹੰਝੂ ਪੂੰਝਣ ਲੱਗੀ।

ਉਹਨਾਂ ਦਾ ਸਾਹ ਨਹੀਂ ਸੀ ਰਲ ਰਿਹਾ। ਕੋਈ ਗੱਲ ਵੀ ਪੂਰੀ ਤਰ੍ਹਾਂ ਨਾਲ ਨਾ ਕੀਤੀ ਜਾਂਦੀ। ਉਪਰੋਂ ਉਹਨਾਂ ਦਾ ਹਾਸਾ ਨਹੀਂ ਸੀ ਰੁਕ ਰਿਹਾ। ਹੱਸਦੀ ਹੋਈ ਸਿਏਂ ਦਾ ਨੱਕ ਵੀ ਵਗ ਆਇਆ ਸੀ। ਨੱਕ ਪੂੰਝਦੀ ਉਹ ਬੋਲੀ — "ਮੈਂ... ਮੈਂ ਤਾਂ... ਤਾਂ.. ਕਿਹਾ... ਬਸ ਰਹਿ ਗਏ... ਮੇਰਾ ਤਾਂ ਦਮ ਹੋਣ ਹੀ ਨਿਕਲ ਗਿਆ।"

"ਮੈਂ ਤਾਂ ਕਿਹਾ... ਓਹ... ਨੈ ਬਚੀ... ਓਹ... ਬਚੀਆਂ ਜੈਲੀਆਂ ਸਾਰੀਆਂ ਦੇ...।" ਗੁੱਡੂ ਨੇ ਔਖੇ ਸਾਹ ਲੈਂਦਿਆਂ ਕਿਹਾ।

"ਮੈਂ.... ਔਹ... ਮੈਂ...." ਕੀਰਤੀ ਕੋਲੋਂ ਆਪਣੀ ਗੱਲ ਪੂਰੀ ਨਾ ਹੋਈ।

"ਮੈਂ ਤਾਂ ਕਿਹਾ ... ਹਾਏ ਮੇਰੀ ਤਾਂ ਜਾਨ ਨਿਕਲ ਗਈ।" ਗੁੱਡੂ ਕੀਰਤੀ ਵਲ ਵੇਖ ਰਿਹਾ ਸੀ। ਕੀਰਤੀ "ਹਾਏ ਉਇ, ਹਾਏ ਉਇ" ਕਰਦਾ ਜ਼ਮੀਨ ਤੇ ਲਿਟਿਆ ਸਿਰ ਘੁਮਾ ਰਿਹਾ ਸੀ। ਹਰ ਸਾਹ ਨਾਲ ਉਹਦਾ ਢਿੱਡ ਥੱਲਾ ਉੱਤਾ ਉੱਤਰ ਆਉਂਦਾ। ਦੋਨਾਂ ਹੱਥਾਂ ਨਾਲ ਉਹ ਢਿੱਡ ਨੂੰ ਦੱਬ ਰਿਹਾ ਸੀ। ਗੁੱਡੂ ਵੀ "ਹਾਏ ਉਇ" ਕਰਦਾ ਧਰਤੀ ਤੇ ਲਿਟ ਗਿਆ ਅਤੇ ਆਪਣਾ ਢਿੱਡ ਮਸਲਣ ਲੱਗਾ।

ਉਹ ਕਿੰਨੀ ਦੇਰ ਉੱਥੇ ਪਏ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਹੁਣ ਉਹ ਠੀਕ ਹਾਲਤ ਵਿਚ ਸਨ। ਸਿਏਂ ਨੂੰ ਪਤਾ ਨੀ ਕੀ ਸੁੱਝਿਆ, ਉਹ ਉੱਠ ਬੈਠੀ। ਕੁਝ ਦੇਰ ਬਾਅਦ ਉਹ ਉੱਠ ਕੇ ਮੱਝਾਂ ਨੂੰ ਘੇਰਾ ਪਾਉਣ ਲੱਗੀ। ਉਹਨੂੰ ਵੇਖ ਗੁੱਡੂ ਵੀ ਉੱਠਿਆ। ਦੂਜੇ ਪਾਸਿਓਂ ਉਹਨੇ ਮੱਝਾਂ ਨੂੰ ਦਬਕਾ ਮਾਰਿਆ। ਮੱਝਾਂ ਮੁੜ ਝੁੰਡ ਵਲ ਨੂੰ ਤੁਰ ਪਈਆਂ।

"ਕੀਰਤੀ, ਆ ਜਾਅ" ਸਿਏਂ ਨੇ ਕੀਰਤੀ ਨੂੰ ਹਾਕ ਮਾਰੀ। ਕੀਰਤੀ ਉੱਠ ਉਹਨਾਂ ਨਾਲ ਜਾ ਰਲਿਆ।

"ਖਰਬੂਜ਼ੇ ਲਿਆਏ ਹੋਏ ਆ ਤੋੜ ਕੇ" ਕੀਰਤੀ ਉਹਨਾਂ ਨਾਲ ਰਲਦਾ ਬੋਲਿਆ।

"ਔਹੋ, ਖਰਬੂਜ਼ੇ ਕਾਹਨੂੰ ਹੋਰ ਵੀ ਕੁਝ। ਖਰਬੂਜ਼ੇ ਤਾਂ ਅਜੇ ਪੱਕਣ ਵੀ ਨੀ ਲੱਗੇ।" ਸਿਏਂ ਬੋਲੀ।

"ਨਹੀਂ, ਮੇਰਾ ਮਤਲਬ ਕੱਕੜੀਆਂ," ਕੀਰਤੀ ਨੇ ਆਪਣੀ ਸਹੀ ਕੀਤੀ।

"ਖਵਰੇ ਸਾਰੇ ਕੁੱਟ ਖਾ ਕੇ ਵੀ ਆਏ ਆ।" ਗੁੱਡੂ ਬੋਲਿਆ।

"ਤਾਂ ਹੀ ਔਖੇ ਹੋਣ ਲੱਗ ਪਏ ਆਉਂਦੇ।"

"ਕਿੰਨੀ ਦੇਰ ਲਾ ਕੇ ਆਏ ਆ; ਤਾਂਹੀ।" ਸਿਏਂ ਨੇ ਹੁੰਗਾਰਾ ਭਰਿਆ।

"ਤੈਨੂੰ ਜਾਣਦੀ ਕੁਰਲਾਂਦਾ ਲੱਗਿਆ ਆ, ਤੈਨੂੰ। ਮੱਧੀ ਜਿਹੀ।" ਗੁੱਡੂ ਨੇ ਕੱਟੀ ਦੇ ਢਿੱਡ ਵਿਚ ਲੱਤ ਮਾਰੀ — "ਤੇਰਾ ਮਾਂਗੂੰ ਢਿੱਡ ਪਾਟਣ ਆਇਆ ਹੋਇਆ ਫਿਰ ਵੀ ਆਲੇ ਦੁਆਲੇ ਮੂੰਹ ਮਾਰਨੋ ਨੀ ਹਟਦੀ," ਗੁੱਡੂ ਨੇ ਖਿਝ ਕੇ ਕੱਟੀ ਦੇ ਢਿੱਡ 'ਚ ਲੱਤ ਮਾਰੀ "ਮਰੀ ਜਿਹੀ"। ਕੱਟੀ ਲਾ ਕੇ ਲੱਤਾਂ ਚੁੱਕ "ਵਿਐਂ ਵਿਐਂ" ਕਰਦੀ ਮੱਝਾਂ ਦੀ ਅਗਲੀ ਕਤਾਰ 'ਚ ਜਾ ਰਲੀ। ਉਹਦੇ ਵਲ ਵੇਖ ਉਹ ਤਿੰਨੇ ਹੱਸ ਪਏ।

"ਗੁੱਡੂ ਔਹ ਵੀ ਕਿੱਟੀ ਖੁੱਡਾਂ 'ਚ।" ਕੀਰਤੀ ਫਿਰ ਮੱਝ ਤੇ ਚੜ੍ਹ ਬੈਠਾ ਸੀ। ਉਹ ਮੱਝ ਹੋਰ ਵੀ ਹੌਲੀ ਹੌਲੀ ਤੁਰਨ ਲੱਗੀ ਸੀ। ਗੁੱਡੂ ਨੇ ਦੌੜ ਕੇ ਉਹਦੀ ਪੂੰਛ ਮਰੋੜੀ। ਉਹਦੇ ਦੋ ਕੁ ਛੜੱਪੇ ਲਾਉਣ ਮਾਰੇ; ਕੀਰਤੀ ਪਟਕ ਕਰਦਾ ਧਰਤੀ ਤੇ ਡਿੱਗ ਪਿਆ। ਗੁੱਡੂ ਤੇ ਸਿਏਂ ਖਿੜ ਖਿੜ ਹੱਸ ਰਹੇ ਸਨ। ਕੀਰਤੀ ਉੱਠ ਕੇ ਮੱਝ ਦੀਆਂ ਲੱਤਾਂ ਨੂੰ ਠੁੱਡ ਮਾਰਨ ਲੱਗਾ। ਉਹ ਥੋੜ੍ਹਾ ਜਿਹਾ ਦੌੜੀ ਤੇ ਫਿਰ ਹੌਲੀ ਹੋ ਗਈ। ਹੁਣ ਮੱਝਾਂ ਪਿੰਡੀਆਂ ਝੁੰਮ 'ਚ ਉੱਤਰ ਆਈਆਂ।

ਵੱਟੇ ਤੇ ਖੜ੍ਹੇ ਉਹ ਆਲੇ ਦੁਆਲੇ ਉੱਗੇ ਝਾੜੀਆਂ ਦੀ ਸੂਹ ਕੱਢਣ ਲੱਗੇ। ਸਿਏਂ ਨੇ ਟਾਹਲੀਆਂ ਦੇ ਆਲੇ ਦੁਆਲੇ ਖੜ੍ਹੇ ਨੱਕੜਿਆਂ ਵਲ ਇਸ਼ਾਰਾ ਕੀਤਾ। ਉਹ ਨੱਕੜਿਆਂ ਕੋਲ ਆ ਰੁਕੇ। ਟਾਹਲੀ ਥੱਲੇ ਬੈਠੇ ਬਾਕੀ ਸਭ ਗੱਲਾਂ ਵਿਚ ਮਗਨ ਸਨ। ਉਹਨਾਂ ਦੀ ਸਾਫ਼ ਗੱਲ ਕੋਈ ਨਾ ਸੁਣਦੀ। ਗੱਲਾਂ ਕਰਦੇ ਕਰਦੇ ਕਦੀ ਕਦੀ ਉਹ ਖਿੜ ਖਿੜਾ ਕੇ ਹੱਸ ਪੈਂਦੇ।

"ਸ-ਏ-ਈ-ਤ" ਮੂੰਹ ਤੇ ਉਂਗਲੀ ਰੱਖਦਿਆਂ ਗੁੱਡੂ ਨੇ ਕੀਰਤੀ ਤੇ ਸਿਏਂ ਨੂੰ ਨਾਂ ਬੋਲਣ ਲਈ

ਇਸ਼ਾਰਾ ਕੀਤਾ। ਨੜਿਆਂ 'ਚ ਰਾਹ ਬਣਾਉਂਦਾ ਉਹ ਅੱਗੇ ਅੱਗੇ ਹੋ ਤੁਰਿਆ। ਉਹਦੇ ਪਿੱਛੇ ਮਿੰਦੂ ਤੇ ਫਿਰ ਕੀਰਤੀ। ਹਰ ਕਦਮ ਤੇ ਉਹ ਖੜਾਕ ਕਰਨ ਤੋਂ ਬਚਾਉਂਦੇ। ਫਿਰ ਵੀ ਥੋੜਾ ਖੜਾਕ ਤੇ ਹੋ ਜਾਂਦਾ।

ਰੁਕ ਰੁਕ ਨੜਿਆਂ ਦੀ ਖੜਕ ਉਦੀ ਸਭ ਤੋਂ ਪਹਿਲਾਂ ਪਾਲੋ ਨੇ ਸੁਣੀ। "ਸ਼ੀ ਸ਼ੀ" ਕਰਕੇ ਉਹਨੇ ਸਭ ਨੂੰ ਚੁੱਪ ਰਹਿਣ ਲਈ ਕਿਹਾ ਅਤੇ ਨੜਿਆਂ ਵੱਲ ਇਸ਼ਾਰਾ ਕੀਤਾ। ਸਭ ਜਣੇ ਚੌਕੰਨੇ ਹੋ ਕੇ ਨੜਿਆਂ ਵੱਲ ਤੱਕਣ ਲੱਗੇ। ਕੁਝ ਪਲਾਂ ਲਈ ਸਭ ਪਾਸੇ ਚੁੱਪ ਵਰਤ ਗਈ।

ਗੁਲੂ ਨੇ ਪਿਛਾਂਹ ਮੂੰਹ ਮੋੜ ਕੇ ਵੇਖਿਆ, ਮਿੰਦੂ ਮੂੰਹ ਘੁੱਟ ਕੇ ਆਪਣਾ ਹਾਸਾ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਦੋਨਾਂ ਹੱਥ ਨਾਲ ਮੂੰਹ ਘੁੱਟ ਕੇ ਗੁਲੂ ਨੇ ਆਪਣਾ ਹਾਸਾ ਰੋਕਿਆ। ਉਂਗਲੀ ਨਾਂਹ ਵਿਚ ਘੁਮਾ ਕੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਨ ਲੱਗਾ। ਉਸਨੂੰ ਫਿਰ ਅੱਗੇ ਵਧਣਾ ਸ਼ੁਰੂ ਕੀਤਾ।

"ਉੱਥੇ, ਉੱਥੇ ਨੜੇ ਹਿਲੇ ਆ।" ਨੰਦੀ ਨੇ ਲਿਫੀ ਹੋਈ ਟਾਹਣੀ 'ਤੇ ਚੜ੍ਹ ਕੇ ਨੜਿਆਂ ਦੇ ਹਿਲਦੇ ਸਿਰ ਵੇਖ ਕੇ ਇਸ਼ਾਰਾ ਕੀਤਾ।

"ਕੋਈ ਆ ਗਿਆ ਉਇ," ਜੈਸੀ ਬੋਲਿਆ "ਮਾਰੇ ਗਏ ਸਾਲਿਆ ..."

"ਪਤਾ ਨੀ ਖ਼ਤਰਨੀ ਵਾਲੇ ਵਾਲਾ ਈ ਹੋਵੇ" ਪਾਲੋ ਬੋਲੀ। ਡਰੇ ਡਰੇ ਉਹ ਸਾਰੇ ਡਿੱਠਾਂ ਤੇ ਈ 'ਵੰਡੇ ਕਰਨ ਲੱਗੇ।

"ਮੈਨੂੰ ਤਾਂ ਕੋਈ ਜੰਗਲੀ ਚਿੱਤਾ ਲਗਦਾ ਆ। ਹੋਲੀ ਹੋਲੀ ਨੜੇ ਖੜਕਾਉਂਦਾ।" ਨੰਦੀ ਨੇ ਲਿਫੀ ਟਾਹਣੀ ਉਤੇ ਹੋਰ ਉੱਚਾ ਹੋ ਕੇ ਆਲਾ ਦੁਆਲਾ ਵੇਖਿਆ।

"ਉਂ ਉਂ ਮੈਂ ਨੀ ਮੁੜਕੇ ਤੁਹਾਡੇ ਨਾਲ ਆਉਂਦੀ," ਰਣਦੀਪ ਰੋਂਦੀ ਰੋਂਦੀ ਬੋਲੀ। ਉਹਨੂੰ ਲੱਗਿਆ ਉਹ ਚਿੱਤੇ ਨੇ ਖਾ ਜਾਣੈ ਜਾਂ ਫਿਰ ਵਾਲੇ ਵਾਲਾ ਈ ਕੱਟੂ।

"ਗਿੱਦੜ ਤੱਕ ਤਾਂ ਕੋਈ ਨੀ ਨਿਕਲਿਆ।" ਜਸਪਾਲ ਬੋਲਿਆ; ਡਰਦਾ ਵੀ ਸੀ, ਪਰ ਉਹ ਆਪਣਾ ਡਰ ਲੁਕਾਉਣ ਲਈ ਪੂਰੀ ਕੋਸ਼ਿਸ਼ ਕਰ ਰਿਹਾ ਸੀ।

ਉਹ ਥੋੜਾ ਹੋਰ ਸਰਕੇ; ਮਾੜਾ ਮਾੜਾ ਖੜਾਕ ਹੋਇਆ।

"ਔਹ ਦੇ... ਉਧਰ ਉਹ," ਨੰਦੀ ਪੱਬਾਂ ਭਾਰ ਹੋ ਤੱਕਣ ਲੱਗਾ। ਅੱਖਾਂ ਭੈਅ ਵਿਚ ਵੇਖ ਉਹਨੂੰ ਖਿਆਲ ਆਇਆ ਕਿਤੇ ਗੁਲੂ ਹੋਰੀ ਈ ਨਾ ਹੋਣ। "ਘਬਰਿਆ ਕੀਰਤੀ ਹੋਈ ਆ ਉਇ... ਐਨੂੰ ਤਾਂ ਲਗਦੈ ...।"

"ਠਾਹ, ਠਾਹ, ਠਾਹ," ਨੰਦੀ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਈ ਗੁਲੂ ਨੇ ਝੱਟ ਨੜਿਆਂ 'ਚੋਂ ਬਾਹਰ ਛਾਲ ਮਾਰੀ; ਇਕ ਬਾਂਹ ਦੀ ਬੰਦੂਕ ਬਣਾ ਤੇ ਮੂੰਹ ਨਾਲ ਫਾਇਰ ਚਲਾਏ।

"ਮੈਂ ਤਾਂ ਪਹਿਲਾਂ ਈ ਬੁੱਝ ਲਿਆ ਸੀ।" ਨੰਦੀ ਨੇ ਟਾਹਣੀ ਤੋਂ ਧੜੰਮ ਜ਼ਮੀਨ ਉਤੇ ਛਾਲ ਮਾਰੀ।

"ਸਾਲਿਆ ਡਰਾ ਈ ਦਿੱਤਾ ਸੀ।" ਜਸਪਾਲ ਬੋਲਿਆ। ਰਣਦੀਪ ਦੀ ਅਜੇ ਜਾਨ ਵਿਚ ਜਾਨ ਆਈ। ਪਾਲੋ ਨੇ ਹੱਥ 'ਚ ਫੜੇ ਕੱਕੜੀਆਂ ਦੇ ਛਿਲਕੇ ਨੜਿਆਂ ਵਿਚ ਵਗਾਹ ਮਾਰੇ; ਉਹਦੇ ਅੰਦਰ ਦੀ ਬਾਕੀ ਸਾਰਿਆਂ ਨੇ।

ਗੁਲੂ ਹੋਰੀ ਤਿੰਨੇ ਈ ਹੱਸੇ। ਕੀਰਤੀ ਮੁਸਕਰਾਉਂਦਾ ਮੁਸਕਰਾਉਂਦਾ ਲਿਫਵੀਂ ਟਾਹਣੀ 'ਤੇ ਚੜ੍ਹਨ ਲੱਗਾ; ਉਹਦੇ ਮਗਰੇ ਮਿੰਦੂ। ਗੁਲੂ ਅਜੇ ਮੁੱਢ ਕੋਲ ਈ ਸੀ ਉਹ ਬੋਲਿਆ "ਸਾਲੇ ਡਰਪੋਕ।"

"ਦੱਸਾਂ ਤੈਨੂੰ" ਜੈਸੀ ਕਹਿੰਦਾ ਜੋ ਗੁਲੂ ਵੱਲ ਵਧਿਆ, ਗੁਲੂ ਝੱਟ ਪਿੱਛੇ ਨੂੰ ਹੋ ਗਿਆ। ਜੈਸੀ ਮੁੜ ਆਪਣੀ ਜਗਾਹ ਆ ਬੈਠਾ। ਗੁਲੂ ਵੀ ਕੀਰਤੀ ਹੋਰਾਂ ਮਗਰ ਟਾਹਣੀ ਤੇ ਚੜ੍ਹਨ ਲੱਗਾ।

ਹੁਣ ਉਹ ਟੇਢੀ ਟਾਹਣੀ ਦੇ ਅਸਮਾਨ ਵੱਲ ਨੂੰ ਉਠਦੇ ਜਵਾਂਗਾਂ 'ਚ ਆਮ੍ਹਣੇ ਸਾਹਮਣੇ ਬੈਠੇ ਸਨ। ਕੀਰਤੀ ਨੇ ਗੁਲੂ ਨੂੰ ਅੱਖ ਮਾਰੀ। ਥੱਲੇ ਬੈਠੇ ਬਾਕੀਆਂ ਵੱਲ ਵੇਖਦੇ ਉਹ ਫਿਰ ਤਿੰਨੇ ਖਿੜ ਖਿੜਾ ਕੇ ਹੱਸ ਪਏ।

"ਹਸਾਂਗਾ ਬਾਅਦ ਨੂੰ" ਜੈਸੀ ਨੇ ਥੱਲੇ ਬੈਠਿਆਂ ਦਬਕਾ ਮਾਰਿਆ। ਉਹ ਚੁੱਪ ਕਰਕੇ ਟਾਹਣੀ ਦੇ ਪੱਤੇ ਮੂੰਹ 'ਚ ਪਾਉਂਦੇ ਉਹਨਾਂ ਦਾ ਕਹਿਆ ਅਣਸੁਣਿਆ ਕਰਨ ਲੱਗੇ।

ਥੱਲੇ ਬੈਠੇ ਜੀਤੇ ਹੋਰੀਂ ਆਪਣੀਆਂ ਗੱਲਾਂ 'ਚ ਫਿਰ ਰੁੱਝ ਗਏ

"ਮੇਰਾ ਤਾਂ ਜੀ ਕਰਦਾ ਡਾਂਗਰ ਕਿਨੂੰ ਮਾਰ ਈ ਦੇਵਾਂ।" ਜੀਤਾ ਬੋਲਿਆ "ਸਾਲਾ ਕੁੱਟਣ ਲਗਦੈ ਤਾਂ ਜਮਾਂ ਜਾਨ ਕੱਢ ਦਿੰਦੈ।"

"ਆਪਾਂ ਨੂੰ ਤਾਂ ਕੋਈ ਫਿਕਰ ਨੀ" ਨੰਦੀ ਬੋਲਿਆ "ਆਪਾ ਪੜ੍ਹਦੇ ਈ ਨੀ, ਵਿਹਲਾ ਮਾਸਟਰਾਂ ਤੋਂ ਕੁੱਟ ਖਾਏ।"

"ਸਾਲਿਆ ਉਂਞ ਈ ਰਹਿਣੈ ਉਮਰ ਭਰ; ਬਸ ਆਪਣੇ ਭਾਪੇ ਦੀ ਜਗ੍ਹਾ ਬੈਠ ਕੇ ਗੰਢੇ ਦਾਤੀਆਂ ਚੰਡਦਾ ਰਹੀਂ ਸਾਰੀ ਉਮਰ।" ਜੈਸੀ ਨੇ ਜਵਾਬ ਦਿੱਤਾ।

"ਬਾਪੂ ਨੂੰ ਤਾਂ ਮਨਜ਼ੂਰ ਆ ਪਰ ਕੁੱਟ ਨਹੀਂ ਖਾਣੀ। ਹੁਣ ਤਾਂ ਮੈਨੂੰ ਦਾੜੀਆਂ ਤੇ ਵੰਡ ਦੀ ਵੱਟਣੇ ਆ ਗਏ ਆ।" ਨੰਦੀ ਨੇ ਜਵਾਬ ਦਿੱਤਾ।

"ਆਪਣਾ ਤਾਂ ਇਹੀ ਸਾਲ ਆ ਫਿਰ ਵੱਡੇ ਸਕੂਲ ਚ ਚਲੇ ਜਾਣੈ; ਉਥੇ ਮਾਸਟਰ ਨਹੀਂ ਕੁੱਟਦੇ ਪੜ੍ਹਤ। ਨਾਲੇ ਕਾਲਜਾਂ ਵਿਚ ਵੀ ਨਹੀਂ।" ਜੀਤੇ ਨੇ ਕਿਹਾ।

"ਔਹ ਗੁਰਦਵਾਰਾਂ ਦੀ ਵਾਰੀ ਆਊ ਅਜੇ" ਜੈਲੀ ਨੇ ਵਿਅੰਗ ਨਾਲ ਟਾਹਲੀ ਤੇ ਬੈਠੇ ਗੁਲੂ ਵੱਲ ਇਸ਼ਾਰਾ ਕੀਤਾ।

"ਗੁਲੂ ਨੇ ਬਸ ਵੇਖਿਆ। ਮੁੜ ਕੀਰਤੀ ਤੇ ਸਿੱਟੋ ਨਾਲ ਅੱਖਾਂ ਮਿਲਾਈਆਂ ਅਤੇ ਫਿਰ ਤਿੰਨੇ ਹੱਸ ਪਏ। "ਹਾਏ ਬਾਪਾ ਮੈਂ ਜਾ, ਹਾਏ ਬਾਪਾ ਮੈਂ ਜਾ, ਕਰਦਾ ਸੀ ਓਦਣ," ਜੈਲੀ ਨੇ ਗੁਲੂ ਨੂੰ ਸ਼ਰਮਿੰਦਾ ਕਰਨਾ ਚਾਹਿਆ।

"ਕਰਦਾ ਸੀ ਉਇ, ਤੈਨੂੰ ਕੀ?"

"ਤੈ ਤਾਂ ਬਈ ਪਟਾਕਾ ਸੀ।" ਨੰਦੀ ਨੇ ਕਿਹਾ

"ਤੂੰ ਕੀ ਆਂ?"

"ਮੈਂ ਤਾਂ ਤੇਰੇ ਪੱਖ ਦੀ ਗੱਲ ਕਰਦਾਂ।"

"ਕਰਦੈਂ ਤੂੰ...।" ਗੁਲੂ ਦੀ ਆਵਾਜ਼ ਉੱਚੀ ਸੀ।

"ਉਦਣ, ਸਾਲਿਆ ਜਿਸ ਦਿਨ ਲਤੌਰੀ ਰਾਮ ਦੇ ਸਿਰ ਵਿਚ ਜੋਵੀ ਮਾਰ ਕੇ ਦੌੜ ਆਇਆ ਸੀ" ਗੁਲੂ ਚੁੱਪ ਸੀ

"ਹੁਣ ਤਾਂ ਉਹ ਘੱਟ ਕੁੱਟਦੈ" ਪਾਲੋ ਬੋਲੀ

"ਬਿਜਲੀ ਜੁ ਹੋ ਗਈ ਜੁਲਕੇ ਦੀ।" ਨੰਦੀ ਨੇ ਗੁਲੂ ਦਾ ਪੱਖ ਲਿਆ।

"ਕੀ ਹੋਇਆ ਸੀਗਾ ਉਇ ਗੁਲੂ?" ਜੈਲੀ ਨੇ ਗੁਲੂ ਨੂੰ ਪੁੱਛਿਆ

"ਉਹ ਸਾਲਾ ਕਾਹਤੇ ਕੁੱਟਦਾ ਸੀ?"

"ਤੂੰ ਸਵਾਲ ਨਾ ਕਰੇਂ ਹੋਣਗੇ।" ਪਾਲੋ ਨੇ ਗੁਲੂ ਦਾ ਵਿਰੋਧ ਕੀਤਾ; ਗੁਲੂ ਚੁੱਪ ਰਿਹਾ।

"ਡਰਦਾ ਪੜ੍ਹਨ ਵੀ ਨਹੀਂ ਗਿਆ।" ਪਾਲੋ ਨੇ ਗੁਲੂ ਨੂੰ ਉਲਾਂਭਾ ਦਿੱਤਾ।

"ਮੈਂ ਇਥੇ ਪੜ੍ਹਨਾ ਵੀ ਨੀ। ਬੇਬੇ ਕਹਿੰਦੀ ਸੀ ਉਹ ਮੈਨੂੰ ਮਾਮੇ ਕੋਲ ਛੱਡ ਆਊਗੀ। ਮੈਂ ਉਥੇ ਹੀ ਪੜ੍ਹਨ ਲਗ ਪੈਣਾ।"

"ਮਾਸਟਰ ਲਤੌਰੀ ਰਾਮ ਤੈਨੂੰ ਉਡੀਕਦਾ ਹੁੰਦਾ ਆ ਉਇ ਗੁਲੂ" ਜੀਤੇ ਨੇ ਟਾਂਚ ਜਿਹੀ ਨਾਲ ਗੁਲੂ ਨੂੰ ਚਣੌਤੀ ਦਿੱਤੀ।

"ਉਹਨੇ ਵੀ ਬਦਲਾ ਲੈਣਾ ਹੀ ਆ ਆਪਣੀ ਬਿਜਲੀ ਦਾ," ਪਾਲੋ ਬੋਲੀ।

"ਹੱਥ ਲਾਏ ਤਾਂ ਸਿਰ ਵੀ ਵੱਢ ਦਊਂ"

"ਔਹ..ਹ..ਹੋ...।"

"ਔਹ ਕੀ?"

"ਉਹੀ ਤੈਨੂੰ ਪੁਲੀਸ ਕੋਲ ਵੀ ਫੜਾ ਦੇਊ।"

"ਮੈਂ ਪੁਲਿਸ ਨੂੰ ਵੀ ਵੱਢ ਦਊਂ।"

"ਔਹ..ਹ..ਹੋ... ਸਾਲ, ਪਤਾ ਵੀ ਐ ਉਹਨੇ ਸ਼ਾਨੇ ਦਾ ਕੀ ਹਾਲ ਕੀਤਾ ਸੀਗਾ। ਸ਼ਾਨਾ ਨਾਲੇ ਪੜ੍ਹਨ ਨੂੰ ਵੀ ਸਾਰੇ ਕਾਲਜ ਨਾਲੋਂ ਹੁਸ਼ਿਆਰ ਸੀਗਾ। ਨਾਲੇ ਪੁਲੀਸ ਤੋਂ ਵੀ ਨੀ ਡਰਦਾ ਸੀਗਾ।"

"ਮੈਂ ਵੀ ਨਹੀਂ ਡਰਦਾ।"

"ਪਤਾ ਵੀ ਆ ਠਾਣੇਦਾਰ ਨੇ ਸ਼ਾਨੇ ਨੂੰ ਦਰੱਖਤ ਨਾਲ ਬੰਨ੍ਹ ਕੇ ਗੋਲੀਆਂ ਮਾਰੀਆਂ ਸੀ। ਸ਼ਾਨਾ ਪਾਲੋ ਦੇ ਤਾਏ ਦਾ ਮੁੰਡਾ ਸੀ।

"ਸ਼ਾਨੇ ਨੇ ਤਿੰਨ ਅਮੀਰ ਮਾਰੇ ਸੀਗੇ।" ਪਾਲੋ ਬੋਲੀ।

"ਸਾਡੇ ਕਾਮਰੇਡ ਗੱਲਾਂ ਕਰਦੇ ਸੀਗੇ ਸ਼ਾਨਾ ਇਨਕਲਾਬੀ ਸੀਗਾ।" ਨੰਦੀ ਨੇ ਆਪਣੀ ਮਤੀ ਕਹੀ।

"ਮੈਂ ਵੀ ਇਨਕਲਾਬੀ ਬਣੂੰਗਾ" ਗੁਲੂ ਤਮਕ ਕੇ ਬੋਲਿਆ।

"ਔਹ..ਹ..ਹੋ... ਪਤਾ ਵੀ ਐ ਕਿੰਨਾ ਜਿਗਰਾ ਚਾਹੀਦੈ। ਫਿਰ ਠਾਣੇਦਾਰ ਨੂੰ ਕੀ ਕਹੂੰ ਤੂੰ, ਉਹਨੇ ਤਾਂ ਤੈਨੂੰ ਫੜ ਹੀ ਲੈਣਾ।"

"ਮੈਂ ਠਾਣੇਦਾਰ ਨੂੰ ਵੀ ਮਾਰ ਦਊਂ।" ਹਰ ਜਵਾਬ ਵਿਚ ਗੁਲੂ ਕੀਰਤੀ ਨਾਲ ਅੱਖ ਰਲਾਉਂਦਾ; ਕੀਰਤੀ ਦੀ ਸ਼ਹਿ ਤੇ ਉਹ ਰੱਜ ਕੇ ਹੱਸ ਪੈਂਦੇ। ਕੋਲ ਬੈਠੀ ਸਿੱਟੋ ਉਹਨਾਂ ਵੱਲ ਵੇਖ ਮੁਸਕਰਾਈ ਜਾਂਦੀ।

"ਔਹ..ਹ..ਹੋ.. ਫਿਰ...।" ਜੀਤਾ ਬੋਲਿਆ

"ਫਿਰ ਕੀ ਉਇ?"

(ਥਾਂ ਦੀ ਘਾਟ ਕਾਰਨ ਇਸ ਕਹਾਣੀ ਦਾ ਬਾਕੀ ਹਿੱਸਾ ਅਗਲੇ ਅੰਕ ਵਿਚ)

# ਅਜੇ ਨਹੀਂ

— ਹਰਭਜਨ ਸਿੰਘ ਮਾਂਗਟ

ਠੀਕ ਹੈ ਤੇਰੀ ਨਜ਼ਰ ਆਖਿਉਂ – ਮਿੱਠੀ
ਤੇਰੀ ਤੱਕਣੀ ਅਮਤ ਬਰੇਂਦੀ ਜਿਸਦੀ ਡਿੱਠੀ
ਤੇਰੇ ਹੋਠ ਜਿਉਂ ਮੁਸਕਾਨਾਂ ਦੀ ਲਿਖਦੇ ਚਿੱਠੀ।

ਠੀਕ ਹੈ ਤੇਰੀ ਚੁੱਕਰ ਆਦਤ - ਘਟਾ ਵਾਂਗ ਬਿੱਖਰੀ
ਤੇਰੀ ਨੁਹਾਰ ਜਿਵੇਂ ਕਿਸੇ ਚਿੱਤਰਕਾਰ ਨੇ ਅੰਬਰ ਤੇ ਚਿੱਤਰੀ
ਤੇਰਾ ਹਰ ਬੋਲ ਜਿਵੇਂ ਪਤਾਸਾ, ਖੰਡ ਜਾਂ ਮਿਸਰੀ!

ਠੀਕ ਹੈ ਤੇਰਾ ਦਿਲ ਹੈ ਬੇ-ਕਰਾਰ ਜਿਹੀ ਬਿਜਲੀ
ਜਾਣਦਾ ਹਾਂ ਬਾਗ ਵਿਚ ਕੀ ਕਰ ਰਹੀ ਏ ਤਿੱਤਲੀ
ਸ਼ਬਨਮ 'ਚ ਨਹਾ ਕੇ ਅੰਗੜਾਈ ਲੈ ਕੇ ਹਰ ਕਲੀ ਖਿਲਦੀ।

ਇਹ ਵੀ ਠੀਕ ਹੈ ਕਿ ਮੇਰੇ ਕੋਲ ਸਜਾਏ-ਸੁਪਨਿਆਂ ਦੀ ਹੈ ਪੂੰਜੀ
ਖਿੜੇ ਦੇ ਸੇਕ ਵਿਚ ਜ਼ਿੰਦਗੀ ਦੀ ਆਵਾਜ਼ ਅਰਸ਼ ਤੱਕ ਗੂੰਜੀ
ਜੱਗ ਦੇ ਵਿਹੜੇ 'ਚੋਂ ਅਜੇ ਤੱਕ 'ਅਸਮਾਨਤਾ' ਨਾ ਕਿਸੇ ਹੂੰਝੀ?

ਤੇਰੇ ਪਿਆਰ ਤੋਂ ਮੈਂ ਮੁਨਕਰ ਨਹੀਂ ਹਾਂ
ਪਰ ਏਨਾ ਜ਼ਰੂਰ ਆਖਣਾ ਹਾਂ ਕਿ-
ਅਜੇ ਮੌਸਮ ਠੀਕ ਨਹੀਂ
ਅਜੇ ਨਹੀਂ — ਅਜੇ ਨਹੀਂ — ਅਜੇ ਨਹੀਂ —

# ਕਵਿਤਾ

— ਜਗਦੇਵ ਜਟਾਣਾ

ਨੀ ਮੇਰੇ ਲੇਖਕ ਵੀਰੋ! ਲਿਖ ਦੇਣਾ ਬੜਾ ਸੌਖਾ ਹੈ।
ਔਖੇ ਆਪਣੀ ਹੀ ਲਿਖਤ ਨੂੰ ਕਰਕੇ ਵਿਖਾਉਣਾ ਕਿੰਨਾ ਔਖਾ ਹੈ।
ਲਿਖਣ ਤੋਂ ਕਿਤੇ ਔਖਾ ਹੈ ਉਹਨੂੰ ਜ਼ਿੰਦਗੀ 'ਚ ਢਾਲਣਾ।
"ਔਰੋਂ ਕੋ ਨਸੀਹਤ" ਪਰ ਖ਼ੁਦ ਨਾ ਕੁਝ ਕਰਕੇ ਵਿਖਾਲਣਾ।
ਪੀ ਕੇ ਬੋਤਲ ਪੌਣੀ ਲਿਖਦੇ ਹੋ ਬੁਰਾਈਆਂ ਸ਼ਰਾਬ ਦੀਆਂ।
ਪਰ ਕਦੀ ਨਾ ਲਿਖੋ ਖ਼ੁਦ ਕੁਰਾਈਆਂ ਜਨਾਬ ਦੀਆਂ।
ਲਿਖਦੇ ਹੋ ਤਕੜੀ ਲਿਖਤ ਚਮਚਾਗਿਰੀ ਦੇ ਨਾਂ ਤੇ।
ਪਰ ਕਦੀ ਸੋਚਿਆ ਹੈ ਖ਼ੁਦ ਖੜੋਤੇ ਹੋ ਕਿਸ ਥਾਂ ਤੇ?
ਕਰਕੇ ਖ਼ੁਸ਼ਾਮਦ "ਬਾਸ" ਦੀ ਹੱਕ ਦੂਸਰੇ ਦਾ ਵੀ ਮੰਗਦੇ ਹੋ।
ਮੰਗਣ ਵੀ ਚੜ੍ਹਦੇ ਹੋ, ਦੂਜਾ ਵਿਖਾਉਣ ਤੋਂ ਵੀ ਸੰਗਦੇ ਹੋ।
ਹੱਕ ਮਾਰ ਕੇ ਦੂਸਰੇ ਦਾ ਪਿੱਠ ਦੇ ਦੀਵੇ ਬਾਲਦੇ ਹੋ।
ਵਿਖਾਵਾ ਇਹ ਕਰਦੇ ਹੋ ਕਿ ਤੁਸੀਂ ਤਾਂ ਉਹਦੇ ਨਾਲ ਦੇ ਹੋ।
ਹੋਰ ਵੀ ਸਾਹਿਤ ਰਚਨ ਵਿਚ ਹੀ ਕਰਦੇ ਹੋ ਵੇਸਤੇ।
ਵਡਿਆਈ ਕਰ ਝੂਠੀ ਮਿਤਰ ਛਪਣ ਲਈ ਮਰਦੇ ਹੋ ਦੋਸਤੋ।
ਏਦਾਂ ਕਿੰਨਾ ਚੰਗਾ ਜੇ ਆਪਣਾ ਆਪ ਹੀ ਸੁਧਾਰ ਲਉ।
ਦੂਜੇ ਨੂੰ ਕਹਿਣ ਤੋਂ ਪਹਿਲਾਂ, ਸੋਟਾ ਆਪਣੀ ਪੀੜ੍ਹੀ ਹੇਠ ਮਾਰ ਲਓ।
ਲਿਖੋ ਬੁਰਾਈ ਉਸ ਦੀ ਜੋ ਖ਼ੁਦ ਕਰਨਾ ਹੈ ਛੱਡਿਆ।
ਕਹੇ ਨਾ ਕੋਈ "ਜਾਣਦੇ ਹਾਂ ਤੈਨੂੰ ਵੀ ਲੇਖਕਾ ਉਏ ਵੱਡਿਆ।"
ਕਰਕੇ "ਜਟਾਣਿਆ" ਈਰਖਾ ਨਾ ਚੰਦਨ ਦੇਹੀ ਗਾਲ ਤੂੰ।
ਐਤਾਂ ਦੇਹੀਆਂ ਛੱਡ ਕੇ ਆਪਣਾ ਆਪ ਹੀ ਸੰਭਾਲ ਤੂੰ।

---

ਲਘੂ ਕਥਾ **ਮਜਬੂਰੀ** ਨਾਗਪਾਲ ਅਜਨਾਸਵੀ

ਅੱਧੀ ਰਾਤ ਨਾਲ ਜਦੋਂ ਕੁਕੜ ਨੇ ਬਾਂਗ ਦਿਤੀ, ਤਾਂ ਉਸ ਦੇ ਕੋਲ ਬੈਠੀ ਕੁਕੜੀ, ਜਿਸ ਨੂੰ ਮਾਲਿਕ ਨੇ ਅਜੇ ਕੱਲ ਹੀ ਖਰੀਦਿਆ ਸੀ, ਨੇ ਕੁਕੜ ਨੂੰ ਇਸ ਵੇਲੇ ਬਾਂਗ ਦੇਣ ਦਾ ਕਾਰਨ ਪੁਛਿਆ।

ਕੁਕੜ ਨੇ ਕਿਹਾ, ਦਰਅਸਲ ਰੋਜ਼ ਐਸ ਵੇਲੇ ਇਕ ਬਿੱਲਾ ਉਹਨੂੰ ਖਾਣ ਆਉਂਦਾ ਹੈ।

ਪਰ ਇਸ ਨਾਲ ਬਾਂਗ ਦਾ ਕੀ ਸਬੰਧ? ਕੁਕੜ ਨੇ ਉਤਸੁਕਤਾ ਨਾਲ ਪੁਛਿਆ।

ਤਾਂ ਕਿ ਉਸ ਨੂੰ ਪਤਾ ਲੱਗ ਜਾਏ, ਕਿ ਮੈਂ ਜਾਗਦਾ ਹਾਂ। (ਧੰਨਵਾਦ ਸਹਿਤ ਅਜੀਤ 'ਚੋਂ)


If you are looking for
*Quality
* Quality
* Price
* After sale service when buying your car contact
Kuldip S. Jhand



ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫਨ ਕਰੋ



Office
521-7731
Res. 524-4137

WESTMINSTER CHEVROLET-OLDSMOBILE
12 th Ave. at Queens Ave
New West Minster



SHAKTI GIFT
6576 MAIN STREET, VANCOUVER, B.C.



Where you can get all types of Real and Artificial Jewellery and all types of oriental designs can be made!

SALE AND REPAIRS OF WATCHES

Res. 327-8259
Bus 321-6214

SPECIALIST IN EAST INDIAN JEWELLERY GIFTWARE & REPAIRS
ਹਰ ਤਰ੍ਹਾਂ ਦੇ ਗਹਿਣੇ ਬਣਾਉਣ ਲਈ ਸਾਡੀ ਦੁਕਾਨ ਤੇ ਆਓ।

# ਕਵਿਤਾ

ਕੇਸਰ ਸਿੰਘ

ਓ ਕਵੀ
ਓ ਕਵੀਰਾਜ
ਜਾਗ
ਜਗ ਖੋਲ੍ਹ ਅੱਖਾਂ
ਸੁੱਤਾ ਨਾ ਰਹੇ
ਮਿੱਠੀਆਂ ਲੋਰੀਆਂ ਦਾ ਜ਼ਹਿਰ
ਨਾ ਘੁਲਣ ਦੇਹ ਆਪਣੇ ਲਹੂ ਵਿਚ
ਯੁਗ ਯੁਗ ਕਰਕੇ
ਲੋਕ ਵਿਸ਼ਿਆਂ ਦੀ ਚਿੰਤਾ
ਤੂੰ ਕਰਿੰਦਾ ਐਂ
ਤੂੰ ਲੋਕ-ਕਵੀ ਐਂ
ਲੋਕਾਂ ਦੇ ਹੱਕਾਂ ਲਈ ਲੜਦਾ ਹੈਂ
ਜੇ ਤੂੰ ਆਪਣੇ ਹੱਕਾਂ ਦੀ ਰਾਖੀ
ਨਹੀਂ ਕਰ ਸਕਦਾ
ਤਾਂ ਲੋਕਾਂ ਦਾ ਕੀ ਸੁਆਰਨਾ ਹੈ ਤੂੰ?
ਓ ਲੋਕ ਕਵੀ
ਤੂੰ ਜੇ ਉਹ ਕਲਮ
ਪੁਰਾਣੀ ਕਲਮ
ਜੋ ਪੂਰਨੇ ਲਹੂ ਦੇ
ਤੱਤੇ ਤੱਤੇ ਲਹੂ ਦੇ,
ਤਖਤੀਆਂ
ਲਹੂ ਵਿਚ ਲਥਪਥ ਹੋਈਆਂ
ਲੋਈਆਂ
ਅਤੇ
ਜ਼ਖਮ ਦੇ ਮੱਥੇ ਵਿਚ
ਵਿਸ਼ਰਾਮ ਦੇ

ਤੂੰ ਲਿਖ ਉਹ ਕਵਿਤਾ
ਜਿਹੜੀ ਲੋਕਾਂ ਨੂੰ ਜਗਾਏ
ਮੌਤ ਨਹੀਂ, ਜੀਵਨ ਦੀ ਗਾਣੀ
ਆਸ਼ਾ ਦੀ ਬਾਣੀ
ਜ਼ੁਲਮ ਦੀ ਪਹਿਲੀ ਕਿਰਨ ਜਿਹੀ ਪਵਿੱਤਰ
ਜੋ ਲੋਕਾਂ ਨੂੰ ਉਠਣਾ ਸਿਖਾਏ
ਬੋਲਣਾ ਸਿਖਾਏ।
ਜਿਸ ਲੋਕਾਂ ਦੇ ਸੁਪਨੇ
ਲੋਕਾਂ ਦੀ ਬਾਣੀ
ਫਿਰ ਸੁਪਨੇ ਉਗਾਣਗੇ
ਸੁਪਨ-ਫੁੱਲ ਖਿੜਨਗੇ
ਫੁੱਲਾਂ ਦੀ ਖੁਸ਼ਬੋ
ਲੋਕਾਂ ਚੁਣੇਗੇ
ਫਿਰ ਰਲ ਮਨਾਣਗੇ
ਫਿਰ ਰਲ ਚਲਣਗੇ
"ਮਨੁੱਖਤਾ" ਦੇ ਉਹ ਰਲ
"ਮਨੁੱਖਤਾ ਰਖੇਗੀ
ਓ ਕਵੀ
ਓ ਕਵੀ — ਰਾਜ
ਜਾਗ
ਮਿੱਠੀਆਂ ਲੋਰੀਆਂ ਦਾ ਜ਼ਹਿਰ
ਨਾ ਘੁਲਣ ਦੇਹ ਆਪਣੇ ਲਹੂ ਵਿਚ
ਤੈਨੂੰ ਪਤੈ
ਤੇਰੀ ਮਾਂ ਤੇ ਮੇਰੀ ਮਾਂ
ਇਕ ਐ।
ਕਹਿੰਦੇ ਐ — ਮਾਂ ਸੁਤੰਤਰ ਐ
ਮਾਂ ਦੇ ਪੈਰਾਂ 'ਚ ਬੇੜੀਆਂ
ਤੇ ਹੱਥਾਂ 'ਚ ਹੱਥਕੜੀਆਂ
ਆਪਣਿਆਂ ਨੇ ਪਾਈਆਂ ਹਨ
ਸਾਡੀ ਮਾਂ ਦੀਆਂ ਬੇਟੀਆਂ ਵਿਚ ਹੀ
ਜਾਨਾਂ ਵਿਚ ਘੋਲ ਦਿੱਤੀ ਐ
ਓ ਕਵੀ
ਓ ਕਵੀ- ਰਾਜ
ਜਾਗ
ਮਿੱਠੀਆਂ ਲੋਰੀਆਂ ਦਾ ਜ਼ਹਿਰ
ਨਾ ਘੁਲਣ ਦੇਹ ਆਪਣੇ ਲਹੂ ਵਿਚ।

o

# ਇੱਕ ਪੱਲ

ਪਰਮਜੀਤ ਦੇਹਲ

ਮੇਰੇ ਸ਼ਾਇਰ ਯਾਰਾ
ਮੈਂ ਇਕ ਪੱਲ ਤੈਨੂੰ ਮੁਖਾਤਬ ਹਾਂ !
ਘੜੀ ਮੁੜੀ ਉਭਰ ਆਉਂਦਾ ਹੈ
ਮੇਰੇ ਜਿਹਨ 'ਚ……………………,
ਤੇਰਾ ਕਾਫਲੇ ਤੋਂ ਵਿਛੜ ਜਾਣ ਦਾ ਸਵਾਲ !
ਸੋਚਦਾ ਹਾਂ ਤੇਰੀ ਉਸ ਨਿੱਘੀ ਸੋਚ ਦਾ ਕੀ ਬਣਿਆ ?
ਜਿਸ ਦੇ ਤੂੰ ਦਾਅਵੇ ਕਰਿਆਂ ਕਰਦਾ ਸੈਂ
ਕਿ ਇਹ ਠਰਨ ਨਹੀਂ ਦੇਵੇਗੀ
ਸਿਆਲ ਮਹੀਨੇ ਸੜਕ ਕੰਢੇ ਵਿਲਕਦੇ ਬਲੂਰ…!!
—ਜਦ ਤੇਰੇ ਵੇਹੜੇ ਵਿਚਲੀ ਧਰੇਕ
ਖੋਖਲੀ ਕਰ ਦਿਤੀ ਸੀ- ਚੱਕੀ ਰਾਅ ਨੇ
ਸੁਆਦ ਲੈਂਦੇ ਲੈਂਦਿਆਂ।
ਉਦੋਂ ਤੇਰਾ ਹੱਥ ਗੁਲੇਲ ਤੇ ਕਿਉਂ ਨਹੀਂ ਗਿਆ ?
—ਤੇ ਯਾਦ ਰੱਖ ਇਕ ਦਿਨ ਤੈਥੋਂ ਵੀ
ਗੈਰਤ ਹਿਸਾਬ ਜ਼ਰੂਰ ਮੰਗੇਗੀ
ਕਿਸੇ ਦੇ ਦਿਤੇ ਰੁਮਾਲ ਨੂੰ—
ਹਿੱਕ ਨਾਲ ਲਾ ਕੇ ਬਿਤਾਏ ਪਲਾਂ ਦਾ।
—ਅੱਖਾਂ ਨੂੰ ਚੁੰਧਿਆ ਦੇਣ ਵਾਲੀ ਰੌਸ਼ਨੀ ਚ,
ਤੈਨੂੰ ਨਜ਼ਰ ਕਿਉਂ ਨਹੀਂ ਆਉਂਦਾ
ਕਿਸੇ ਅਬਲਾ ਦਾ ਪੇਟ ਖਾਤਰ ਜਿਸਮ ਵਿਕਦਾ !
ਸਾਰਾ ਦਿਨ ਰੋੜੀ ਕੁੱਟ ਕੁੱਟ ਹਫੀਆਂ ਬਾਹਵਾਂ !
ਰਾਠਾਂ ਦੀਆਂ ਕੋਠੀਆਂ 'ਚ ਕੇਕ ਖਾਂਦੇ ਕੁੱਤੇ !
ਮਣਾਂ ਮੂੰਹੀ ਕਰਜ਼ੇ ਹੇਠ ਦੱਬੀਆਂ
ਅਣ ਗਿਣਤ ਅਣ-ਜੰਮੀਆਂ ਜਿੰਦੜੀਆਂ
ਤੇ ਹੋਰ ਬੜਾ ਕੁੱਝ—
ਮੁਆਫ ਕਰੀਂ ਯਾਰਾ
ਮੈਂ ਇਕ ਪੱਲ ਤੈਨੂੰ ਮੁਖਾਤਬ ਹਾਂ !
ਮੈਂ ਇੱਕ ਪੱਲ ਤੈਨੂੰ ਮੁਖਾਤਬ ਹਾਂ !!

o

# ਹੰਝੂਆਂ ਦੀ ਚੋਗ

ਦਿਓਲ

ਕਿਹੜੇ ਮੂੰਹ ਤੋਂ ਤੇਰਾ
ਰੂਪ ਨਿਹਾਰਾਂ ਗੇ ?
ਕਿਹੜੇ ਘਰ ਵਿਚ ਤੇਰੀ
ਅਲਖ ਜਗਾਵਾਂਗੇ ?
ਕਿਹੜਾ ਦੁਸ਼ਮਣ ?
ਕਿਸ ਨੂੰ ਅਸੀਂ ਵੰਗਾਰਾਂਗੇ ?
ਕਿਸ ਨਗਰੀ ਵਲ
ਧਾਵਾ ਕਰ ਕੇ ਜਾਵਾਂਗੇ ?

ਮਨ ਤੇ ਆਂਗਣ ਦਿਨੇ
ਦਿਹਾੜੇ ਲੁੱਟੇ ਗਏ,
ਇਸ ਚੋਰੀ ਦਾ ਜਿੰਮਾ
ਕਿਸ ਤੇ ਲਾਵਾਂਗੇ ?

ਕਿਹੜੀਆਂ ਪੋਣਾ ਤੈਨੂੰ
ਲੈ ਕੇ ਉੱਡ ਗਈਆਂ,
ਕਿਸ ਸਿੰਮਤ ਵੱਲ
ਗ਼ਮ ਦੇ ਕਾਗ ਉਡਾਵਾਂਗੇ ?

ਯਾਦ ਤੇਰੀ -ਦੇ ਹੰਸ
ਉਡਾਰੀ ਭਰ ਚੱਲੇ,
ਹੰਝੂਆਂ ਦਾ ਇਹ ਚੋਗਾ।
ਕਿਸੇ ਨੂੰ ਪਾਵਾਂਗੇ ?

ਕੂੰਜਾਂ ਵਾਂਗਰ ਉੱਡੀਆਂ
ਖੁਸ਼ੀਆਂ ਮੁੜੀਆਂ ਨਾ,
ਖਾਲੀ ਅੰਬਰ ਵੇਖ
ਵੇਖ ਪਛਤਾਵਾਂ ਗੇ !

ਸਾਡਾ ਦੋਜ਼ਖ
ਸਾਡੇ ਅੰਦਰ ਮੇਲ ਨਾ ਰਿਹਾ,
ਤੇਰੀ ਜੰਨਤ ਵੱਲ ਨਾ
ਅੱਖ ਲਲਚਾਵਾਂ ਗੇ !

ਭਰ ਵਗਦੇ ਦਰਿਆ
ਵਰਗੀ ਹੈ ਉਮਰ ਤੇਰੀ,
ਡੁੱਬਦੇ ਤਰਦੇ ਪਾਰ
ਇਹ ਨੂੰ ਕਰ ਜਾਵਾਂਗੇ।

o

# ਤੀਸਰੀ ਅੱਖ

## ਦੀਪ ਕਲੇਰ

ਨਾ ਚਿੱਟੀ ਪੱਗ ਦੇ ਲੜ ਨਾਲ
ਅੱਖਾਂ ਪੂੰਝ ਪੂੰਝ ਕੇ ਰੋਵੇ
ਮੇਰੇ ਬਾਬਲ ਨੂੰ ਸਮਝਾਵੇ ਨੀ
ਜੋ ਬਾਬਲ ਦੇ ਪੱਲੇ ਗੁੰਦੀਆਂ ਲਟ ਲਟ ਬਲਦੀਆਂ ਲੋਆਂ।
ਨਰਮੇ ਦੇ ਹਾਸੇ ਬਾਸਮਤੀ ਦੀਆਂ ਟਹਿਕਾਂ ਤੇ ਖੁਸ਼ਬੋਆਂ।
ਫਿਰ ਧੀਆਂ ਦਾ ਬਾਬਲ ਨੀ ਕੋਈ ਕਾਹਨੂੰ ਹੀਣਾ ਹੋਵੇ।
ਮੇਰੇ ਬਾਬਲ ਨੂੰ ਸਮਝਾਵੇ ਨੀ ...
ਬਾਬਲ ਦੇ ਸਿਰ ਪਾਉਂਦੇ ਆਏ ਸਦੀਆਂ ਤੋਂ ਜੋ ਘੱਟਾ।
ਚਿੱਟੀ ਪੱਗ ਦੇ ਦਾਗ ਬਥੇਰੇ ਉਹ ਕਾਲੋਂ ਦਾ ਛੱਟਾ।
ਜੋ ਪਿੰਡਿਆਂ ਦੀ ਮੈਲ ਨੂੰ ਧੋਣਾ ਚਾਨਣ ਦੇ ਨਾਲ ਧੋਵੇ।
ਮੇਰੇ ਬਾਬਲ ਨੂੰ ਸਮਝਾਵੇ ਨੀ......
ਵੀਰ ਮੇਰੇ ਦਾ ਹਲਾਂ ਪੰਜਾਲੀਆਂ ਦਾ ਮੋਹ ਘਟਦਾ ਜਾਵੇ।
ਉਹ ਹੋਕਾਂ ਵਰਗਾ ਰੋਜ਼ ਰੋਜ਼ ਸੋਚਾਂ ਵਿਚ ਵਟਦਾ ਜਾਵੇ।
ਮੇਰਾ ਵੀਰ ਤੇ ਬਾਬਲ ਕੱਲੇ ਕੱਲੇ ਸੂਦ ਤੇ ਕਰਜ਼ਾ ਰੋਵੇਂ।
ਮੇਰੇ ਬਾਬਲ ਨੂੰ ਸਮਝਾਵੇ ਨੀ ..
ਉਥੇ ਕੇਹੜਾ ਨੀਲੇ ਅੰਬਰੋਂ ਕੇਰਦਾ ਆ ਰੱਬ ਹਾਸੇ।
ਚੀਰਿਆਂ ਦਾ ਰੰਗ ਮਹਿੰਦੀ ਵਾਂਗੂ ਉਡਿਆ ਉਡਿਆ ਜਾਪੇ।
ਕੱਲਰਾਂ ਵਾਂਗਰ ਟਿੱਬਿਆਂ ਦਾ ਰੇਤਾ-ਖੂਨ ਦੇ ਅਥਰੂ ਚੋਵੇ।
ਮੇਰੇ ਬਾਬਲ ਨੂੰ ਸਮਝਾਵੇ ਨੀ...
ਆਵੋ ਨੀ ਅੱਜ ਸਾਰੀਆਂ ਬਹਿ ਕੇ ਬਣਤ ਬਣਾਈਏ ਸ਼ਾਲਾ।
ਨਾ ਮਰ ਮਰ ਜੀਵੇ ਧੀ ਕਿਸੇ ਦਾ ਬਾਬਲ ਭੋਲਾ ਭਾਲਾ
ਇਹ ਨਹੀਂ ਦਰਦ ਲਕੋਇਆ ਲੁਕਣਾ ਲੱਖ ਕੋਈ ਕਿਤੇ ਲਕੋਵੇ।
ਮੇਰੇ ਬਾਬਲ ਨੂੰ ਸਮਝਾਵੇ ਨੀ......

# ਸਾਂਝਾ ਦਰਿਆ

## ਗੁਰਭਜਨ ਗਿੱਲ

(ਪਾਕਿਸਤਾਨੀ ਸ਼ਾਇਰ ਪ੍ਰੋ: ਸ਼ਰੀਫ ਕੁੰਜਾਹੀ ਨੂੰ ਸਮਰਪਤ)

ਸਰਹੱਦ ਪਾਰ ਖਲੋਤੇ ਮਿੱਤਰਾ, ਕਾਹਨੂੰ ਦਿਲ ਭਰਿਆ
ਆਪਾਂ ਦੋਵੇਂ ਵੱਖ ਹਾਂ ਭਾਵੇਂ, ਸਾਡਾ ਸਾਂਝਾ ਦੁੱਖ ਦਰਿਆ

ਦਰਦ ਕਹਾਣੀ ਸਾਂਝੀ ਸਾਡੀ, ਸਾਂਝੀਆਂ ਸਾਡੀਆਂ ਪੀੜਾਂ
ਇਕ ਦੂਜੇ ਦਾ ਪਿੰਡਾ ਵਿੰਨਿਆਂ, ਸਾਡੇ ਆਪਣੇ ਤੀਰਾਂ
ਸਿੰਮਦੀ ਪੀੜ ਮੋਰੀ ਦੀ ਗਾਥਾ, ਇਹ ਵਹਿੰਦਾ ਦਰਿਆ

ਤੇਰੇ ਪਿੰਡ ਵਿਚ ਉੱਗੇ ਰੁੱਖ ਦਾ, ਮੈਂ ਅਦਨਾ ਪ੍ਰਛਾਵਾਂ
ਸੰਨ ਸੰਤਾਲੀ ਖਾ ਗਿਆ ਜੀਹਦੇ, ਟਾਹਣ ਸਣੇ ਈ ਛਾਵਾਂ
ਹੁਣ ਤੇ ਤੇਰੀ ਛਾਂ ਬਿਨ ਯਾਰਾ, ਰਹਿੰਦਾ ਦਿਲ ਤਪਿਆ

ਸਾਂਝੀ ਹੀਰ ਤੇ ਮਿਰਜ਼ੇ ਸਾਂਝੇ, ਸਾਂਝੇ ਸਾਡੇ ਰਾਂਝੇ
ਆਪਾਂ ਈ ਦੋਵੇਂ ਕਿਉਂ ਯਾਰਾ, ਇਕ ਦੂਜੇ ਬਿਨ ਵਾਂਝੇ
ਇਕ ਦੂਜੇ ਦੇ ਜ਼ਖ਼ਮਾਂ ਉੱਤੇ, ਏਈਏ ਮਰਮਾ ਲਾ

ਤੇਰੇ ਸ਼ਹਿਰ ਦੇ ਹਾਕਮ ਵਾਂਗੂੰ, ਹਾਕਮ ਸਾਡਾ ਚੰਦਰਾ
ਤਾਹੀਉਂ ਤੇਰੇ ਹੋਠਾਂ ਵਾਂਗੂੰ, ਮੇਰੇ ਹੋਠੀਂ ਜੰਦਰਾ
ਲੱਖ ਜੰਜ਼ੀਰਾਂ ਹੋਵਣ ਭਾਵੇਂ, ਸਾਨੂੰ ਕੀਹ ਪ੍ਰਵਾਹ

ਹੱਦ-ਬੰਦੀਆਂ ਸਾਡੀ ਸਾਂਝ ਦੀ ਕੰਧ ਨਾ, ਬੇ-ਮਤਲਬ ਨੇ ਲੀਕਾਂ
ਬੋਲ ਤੇਰੇ ਜਦ ਸਹਿਣ ਤਸੀਹੇ, ਮੈਂ ਸੁਣਦਾ ਹਾਂ ਚੀਕਾਂ
ਵਾਅ ਨੂੰ ਕੌਣ ਕਹੇ ਨਾ ਵੱਸੀਂ, ਹੱਡਾਂ ਦਾ ਤੜਪਾਅ

ਸਰਹੱਦ ਪਾਰ ਖਲੋਤੇ ਮਿੱਤਰ, ਕਾਹਨੂੰ ਦਿਲ ਭਰਿਆ
ਆਪਾਂ ਦੋਵੇਂ ਵੱਖ ਹਾਂ ਭਾਵੇਂ, ਸਾਂਡਾ ਸਾਂਝਾ ਦੁੱਖ ਦਰਿਆ।

# ਕਲੀ

## ਦੇਵ ਰਾਊਕੇ

ਜਿਸ ਦੇਸ ਵਿਚ ਵਧਦੀ ਜਾਵੇ ਭੁੱਖ ਨੰਗ ਤੇ ਬੇਕਾਰੀ ਉਏ।
ਹੱਕ ਪਰਾਇਆ ਖਾਂਦੇ ਜਿੱਥੇ ਵਿਹਲੜ ਖੱਦਰਧਾਰੀ ਉਏ।
ਅੱਜ ਕਿਰਤੀ ਦੇ ਸਿਰ ਚਲਦੀ ਹੈ ਜ਼ੁਲਮ ਸਿਤਮ ਦੀ ਆਰੀ ਉਏ
ਥਾਂ-ਥਾਂ ਚੋਧਰ ਕਰਦੀ ਵੇਖਾਂ ਮੈਂ ਸਰਮਾਏਦਾਰੀ ਉਏ।
ਜਿੱਥੇ ਵਜਦੇ ਹੱਕਾਂ ਤੇ ਛਾਪੇ, ਰੋਜ ਹੀ ਡਾਕੇ,
ਇਹ ਹਾਲ ਸੋਨੇ ਦੀ ਚਿੜਿਆ ਦਾ।
ਭਾਂ-ਭਾਂ ਕਰਦਾ ਹੈ ਅੱਜ ਯਾਰੋ ਸਾਡੀ ਕਿਰਤ ਦਾ ਵਾੜਾ ਉਏ।
ਇਹਨਾਂ ਨੂੰ ਆਪਾਂ ਰਹਿਬਰ ਮੰਨਿਆਂ ਕੀਤਾ ਹੈ ਕੰਮ ਮਾੜਾ ਉਏ।
ਇਹ ਉਲਟਾ ਸਾਡੇ ਕੋਲੋਂ ਮੰਗਣ ਸਾਡੀ ਕਿਰਤ ਦਾ ਭਾੜਾ ਉਏ।
ਸਾਡੀ ਕਿਰਤ ਦੀ ਖੇਤੀ ਦਾ ਇਹਨੇ ਕੀਤੈ ਖੂਬ ਉਜਾੜਾ ਉਏ।
ਆ ਜੋ ਡਾਂਗਾਂ ਫੜਕੇ, ਹੱਕਾਂ ਤੇ ਲੜਕੇ,
ਖੇਤ ਚੋਂ ਕੱਢੀਏ ਕਾਲੇ ਝੋਟੇ ਨੂੰ।
ਦਿੱਲੀਏ ਨੀ! ਕਲਜੋਗਣੇ ਦਿੱਲੀਏ! ਤੂੰ ਜੱਗੋਂ ਤੇਰਵੀਂ ਕਰਦੀ ਏਂ।
ਨਾਲ ਜੁਝਾਰੂਆਂ ਮੱਥਾ ਲਾਕੇ ਮੌਤ ਕਸੂਤੀ ਵਰਦੀ ਏਂ।
ਸਾਨੂੰ ਹੱਕ ਦੁਆਉਣੋਂ ਚੰਦਰੀਏ ਸਦਾ ਰਹੀ ਤੂੰ ਡਰਦੀ ਏਂ।
ਸ਼ੇਰਾਂ ਨੂੰ ਤੂੰ ਕਹਿ ਕੇ ਨਕਸਲੀ ਦਮ ਝੂਠੇ ਦਾ ਭਰਦੀ ਏਂ।
ਕੰਨ ਖੋਲ ਕੇ ਸੁਣ ਲੈ ਡੈਣੇ, ਲੋਟੂ ਦੀਏ ਭੈਣੇ, ਨੀ ਜੱਗੋਂ ਜਾਣੀਏਂ।

ਲੂੰ ਕੰਡੇ ਕਰ ਦੇਣ ਖੜੇ ਇਹ ਤੇਰੇ ਖੂਨੀ ਸਾਕੇ ਨੀ।
ਘਰ ਕੰਮੀਆਂ ਦੇ ਪੁਲਸ ਇਹ ਤੇਰੀ ਰੋਜ ਮਾਰਦੀ ਛਾਪੇ ਨੀ।
ਟੁੱਕਰ ਬੋਚ ਆਵਦੇ ਪਾਲੇਂ ਤੂੰ ਸਾਡੇ ਪਿੜ ਨ੍ਹਾਕੇ ਨੀ।
ਕੈਰੀ ਅੱਖ ਨਾਲ ਤੱਕੇ ਕਾਮਾ ਸ਼ਾਹੀ ਬਾਣਾ ਪਾਕੇ ਨੀ।
ਹਾਏ ਨੀ ਸੁਵੈਣੇਂ, ਚੰਦਰੀਏ ਡੈਣੇਂ,
ਤੇਰੇ ਮੂੰਹ ਲੱਗਿਆ ਖੂਨ ਗਰੀਬਾਂ ਦਾ।

ਮਜ਼ਦੂਰਾਂ ਨੂੰ ਏਦਾਂ ਖਾਵੇਂ, ਜਿਉਂ ਕੁੱਤਾ ਹੱਡਾਂ ਰੋੜੀਦਾ।
ਖੜਾ ਕਮਾਦ ਤਕਾਵੀ ਖਾ ਗਈ ਚਾਅ ਵਿਚੇ ਰਹਿ ਗਿਆ ਲੋਹੜੀ ਦਾ।
ਅੰਨਦਾਤਾ ਢਿੱਡ ਬੰਨ੍ਹ ਕੇ ਆਪਣਾ, ਮੱਥਾ ਡੰਮ੍ਹੇਂ ਕੋਹੜੀ ਦਾ।
ਤੇਰੇ ਚਾਰ ਚਮਚਿਆਂ ਖਾਤਰ ਸਾਡਾ ਖੂਨ ਨਿਚੋੜੀ ਦਾ।
ਤੂੰ ਇਹ ਤਾਨਾਸ਼ਾਹੀ, ਨਾ ਸਾਡੇ ਮਗਰੋਂ ਲਾਹੀ,
ਨੀ ਦਿੱਲੀ ਦੀਏ ਢਾਣੀਏਂ।

# ਪੰਜਾਬੀ ਦੇ ਇਨਕਲਾਬੀ ਕਵੀ - ਸੰਤ ਰਾਮ ਉਦਾਸੀ



(ਇਸ ਮੁਲਾਕਾਤ ਦਾ ਕੁੱਝ ਹਿੱਸਾ ਵਤਨੋਂ ਦੂਰ ਦੇ ਪਿਛਲੇ ਅੰਕ ਵਿਚ ਦਿੱਤਾ ਗਿਆ ਸੀ।)

**ਸਾਧੂ:** ਅੱਜ ਦੇ ਪੰਜਾਬੀ ਵਿਦਿਆਰਥੀਆਂ ਵਿਚ ਸਿਆਸੀ ਚੇਤਨਾ ਕਿੰਨੀ ਕੁ ਹੈ?

**ਉਦਾਸੀ:** ਦੇਖੋ: ਇਹਦੇ ਵਿਚ ਇਕ ਫਰਕ ਹੁੰਦਾ ਹੈ ਹਰ ਇਕ ਬੰਦਾ ਕਿਸੇ ਨਾ ਕਿਸੇ ਜਮਾਤ ਦਾ ਵਿਦਿਆਰਥੀ ਹੁੰਦਾ ਹੈ। ਹਰ ਇਕ ਬੰਦਾ ਕਿਸੇ ਨਾ ਕਿਸੇ ਜਮਾਤ ਨੂੰ ਰੀਪਰਜ਼ੈਂਟ ਕਰਦਾ ਹੁੰਦਾ ਹੈ। ਤੇ ਉਸ ਦਾ ਨੁਮਾਇੰਦਾ ਹੁੰਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਸਾਰੇ ਵਿਦਿਆਰਥੀ ਇਹ ਸਮਝਦੇ ਹੋਣ ਕਿ ਅਸੀਂ ਫਲਾਣੀ ਜਮਾਤ ਦੇ ਵਿਦਿਆਰਥੀ ਹਾਂ ਜਾਂ ਸਾਡੀ ਕਵਿਤਾ ਫਲਾਣੀ ਜਮਾਤ ਨੂੰ ਰੀਪਰਜ਼ੈਂਟ ਕਰਦੀ ਹੈ। ਪਰ ਆਮ ਤੌਰ ਤੇ ਮੈਂ ਦੇਖਿਆ ਹੈ ਮੇਰੇ ਜੀਵਨ ਵਿਚ ਜਾਂ ਜਿੱਥੇ ਤੱਕ ਮੈਂ ਸਾਹਿਤਕ ਤੇ ਸਿਧਾਂਤਕ ਤੌਰ ਤੇ ਸਿੱਖ ਸਕਿਆ ਹਾਂ ਕਿ ਬਹੁਤੇ ਵਿਦਿਆਰਥੀ ਇਕਸਾਰ ਸਮਝ ਬਾਰੇ ਵਿਚਰਦੇ ਹਨ। ਇਹਦੇ ਵਿਚ ਵਿਸ਼ੇਸ਼ ਨਾਲ ਉਹ ਲੁਟੇਰੀ ਜਮਾਤ ਦੀ ਸੇਵਾ ਕਰ ਰਹੇ ਹਨ ਤੇ ਚੱਕਰੀ ਕਰ ਰਹੇ ਹਨ। ਜਿਹੜੇ ਕੋਈ ਲੋਕ ਹੱਕਾਂ ਦੀਆਂ ਗੱਲਾਂ ਲੋਕਾਂ ਦੇ ਦਰਦ ਵਿਚ ਉਹਨਾਂ ਦੀਆਂ ਵਕਤੀ ਮੰਗਾਂ ਨੂੰ ਲੈ ਕੇ ਉਹਨਾਂ ਨੂੰ ਜਥੇਬੰਦ ਕਰਦੇ ਹਨ ਜਾਂ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਲੋਕ ਥੋੜੀ ਹਨ। ਜਿਹੜੇ ਦੋਨੋਂ ਪ੍ਰਕਾਰ ਦੇ ਲੋਕ ਮੇਰੇ ਜੀਵਨ ਵਿਚ ਆਏ ਹਨ। ਪਰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਚਾਹੇ ਕੋਈ ਵਿਦਿਆਰਥੀ ਹੈ ਚਾਹੇ ਕੋਈ ਮੁਲਾਜ਼ਮ ਹੈ ਉਹ ਕਿਸੇ ਖਾਸ ਜਮਾਤ ਦੀ ਨੁਮਾਇੰਦਗੀ ਕਰਦਾ ਹੁੰਦਾ ਹੈ। ਕੋਈ ਵੀ ਬੰਦਾ ਇਹ ਨਹੀਂ ਕਹਿ ਸਕਦਾ ਕਿ ਮੈਂ ਨਿਰਪੱਖ ਹਾਂ। ਉਹ ਕਿਸੇ ਨਾ ਕਿਸੇ ਜਮਾਤ ਨਾਲ ਬੱਝਾ ਹੁੰਦਾ ਹੈ।

**ਸਾਧੂ:** ਭਾਰਤ ਤੋਂ ਬਾਹਰ ਵਸਦੇ ਪੰਜਾਬੀ ਵਿਦਿਆਰਥੀਆਂ ਬਾਰੇ ਤੁਹਾਡਾ ਕੀ ਵਿਚਾਰ ਹੈ?

**ਉਦਾਸੀ:** ਮੈਂ ਤਾਂ ਇਹੀ ਕਹੂੰਗਾ ਕਿ ਜਿਥੇ ਵੀ ਲੁਟੇਰੀਆਂ ਜਮਾਤਾਂ ਵਸਦੀਆਂ ਹਨ ਉਥੇ ਉਹ ਲੁੱਟੇ ਜਾਣ ਵਾਲੇ ਲੋਕਾਂ ਦੇ ਸਿਰ ਤੇ ਹੀ ਜਿਉਂਦੀਆਂ ਰਹਿ ਸਕਦੀਆਂ ਹਨ। ਮੇਰਾ ਖਿਆਲ ਹੈ ਕਿ ਜੋ ਹਿੰਦੁਸਤਾਨੀ ਬਾਹਰ ਰਹਿੰਦੇ ਹਨ ਜਿਵੇਂ ਅਮਰੀਕਾ ਕੈਨੇਡਾ ਤੇ ਹੋਰ ਥਾਂ ਉਥੇ ਵੀ ਲੁਟੇਰੀਆਂ ਜਮਾਤਾਂ ਬੈਠੀਆਂ ਹਨ। ਉਥੇ ਲੋਕਾਂ ਨੂੰ ਉਥੋਂ ਦੀਆਂ ਆਪਣੀਆਂ ਜਥੇਬੰਦੀਆਂ ਮੁਤਾਬਕ ਵਿਚਰਨਾ ਚਾਹੀਦਾ ਹੈ ਤੇ ਉਹਨਾਂ ਵਿਚ ਰਹਿ ਕੇ ਉਹਨਾਂ ਦੀਆਂ ਸਮੱਸਿਆਵਾਂ ਦੇ ਨਾਲ ਇਕ-ਮਿਕ ਹੋਣਾ ਚਾਹੀਦਾ ਹੈ, ਤੇ ਨਾਲ ਦੀ ਨਾਲ ਜਿਹੜਾ ਉਹਨਾਂ ਦਾ ਪਿਛੋਕੜ ਹੈ। ਜਿਸ ਸਭਿਆਚਾਰ ਤੇ ਉਹ ਉਸਰੇ ਨੇ ਜਿਸ ਸਭਿਆਚਾਰ ਦਾ ਪ੍ਰਭਾਵ ਉਹਨਾਂ ਦੇ ਮਨ ਤੇ ਸਦਾ ਰਹਿੰਦਾ ਹੈ। ਜਿਸ ਧਰਤੀ ਦਾ ਜਿਸ ਦੇਸ ਦਾ ਅੰਨ ਪਾਣੀ ਉਹਨਾਂ ਦੀ ਰਗਾਂ ਦੇ ਵਿਚ ਖੌਲਦਾ ਹੈ ਉਹ ਕਦੇ ਨਹੀਂ ਭੁੱਲਣਗੇ। ਤੇ ਉਹਨਾਂ ਲੋਕਾਂ ਨਾਲ ਵੀ ਉਹਨਾਂ ਨੂੰ ਸਾਂਝ ਰੱਖਣੀ ਚਾਹੀਦੀ ਹੈ। ਉਂਜ ਤੌਰ ਤੇ ਮੈਂ ਤੁਹਾਨੂੰ ਉਦਾਹਰਣ ਦਿੰਦਾ ਹਾਂ। ਜਿਸ ਤਰ੍ਹਾਂ ਫਰਕ ਕਰ ਲਓ ਬਈ "ਵੰਗਾਰ" ਹੈ "ਵੰਗਾਰ" ਆਪਣੇ ਹਿੰਦੁਸਤਾਨ ਦੇ ਲੋਕਾਂ ਲਈ ਕਿੰਨਾ ਫਬੀਆ ਦਿਖਦਾ। ਸਭ ਤੋਂ ਪਹਿਲਾਂ "ਵਤਨੋਂ ਦੂਰ" ਸੀ। ਵਤਨੋਂ ਦੂਰ ਆ ਕੇ ਵੀ ਜਿੰਨੇ ਲੋਕ ਇਥੇ ਵਤਨੋਂ ਦੂਰ ਦੇ ਵਿਚ ਛਪਦੇ ਨੇ ਕਿੰਨਾ ਫਬੀਆ ਉਹਨਾਂ ਦਾ ਪ੍ਰਭਾਵ ਹੈ ਆਪਣੀ ਕਮਿਊਨਿਟੀ ਨੂੰ ਕਦੇ ਨਹੀਂ ਉਹ ਭੁੱਲੇ। ਹਮੇਸ਼ਾ ਆਪਣੇ ਦੇਸ਼ ਦਾ ਮੋਹ ਧੂਹ ਧੂਹ ਪੈਂਦਾ ਹੈ - ਉਹਨਾਂ ਦੀਆਂ ਰਚਨਾਵਾਂ ਚੋਂ। ਨਾਲ ਦੀ ਨਾਲ ਜਿਥੇ ਉਹ ਆਪਣੇ ਦੇਸ਼ ਨੂੰ ਯਾਦ ਰੱਖਣ ਉਥੇ ਜਿਹੜੇ ਦੇਸ਼ ਵਿਚ ਵੀ ਉਹ ਰਹਿੰਦੇ ਨੇ ਉਸ ਦੀ ਕਾਮਾ ਸ਼੍ਰੇਣੀ ਨਾਲ ਉਹਨਾਂ ਨੂੰ ਜ਼ਰੂਰ ਮਿਲ ਕੇ ਰਹਿਣਾ ਚਾਹੀਦਾ ਹੈ। ਇਹ ਮੇਰੀ ਉਹਨਾਂ ਨੂੰ ਇਕ ਅਪੀਲ ਹੈ। ਮੈਂ ਸਮਝਦਾ ਹਾਂ ਪਈ ਮੇਰੇ ਜਿਹੜੇ ਬਾਹਰ ਰਹਿੰਦੇ ਵਿਦਿਆਰਥੀ ਵੀਰ ਨੇ ਉਹਨਾਂ ਨੇ ਇਸ ਗੱਲ ਨੂੰ ਕਿਸੇ ਹੱਦ ਤੱਕ ਨੇਪਰੇ ਵੀ ਚਾੜ੍ਹਿਆ ਹੈ ਤੇ ਖਾਸ ਤੌਰ ਤੇ "ਵਤਨੋਂ ਦੂਰ" ਵਿਚ ਛਪਣ ਵਾਲੇ, ਉਹਨਾਂ ਨੇ ਤਾਂ ਖਾਸ ਤੌਰ ਤੇ ਮੈਨੂੰ ਪ੍ਰਭਾਵਿਤ ਕੀਤਾ ਹੈ। ਮੇਰੀ ਬਦਕਿਸਮਤੀ ਰਹੀ ਹੈ ਕਿ ਮੈਂ ਉਹਨਾਂ ਲੋਕਾਂ ਨਾਲ ਆਪਣੀ ਕਵਿਤਾ ਰਾਹੀਂ ਸਿੱਧੇ ਤੌਰ ਤੇ ਨਹੀਂ ਜੁੜ ਸਕਿਆ। "ਵਤਨੋਂ ਦੂਰ" ਵਿਚ ਮੇਰੀਆਂ ਕਵਿਤਾਵਾਂ ਆਉਂਦੀਆਂ ਵੀ ਰਹੀਆਂ ਹਨ ਤੇ ਮੈਂ ਪ੍ਰਭਾਵਿਤ ਵੀ ਬਹੁਤ ਹਾਂ ਇਸ ਰਸਾਲੇ ਤੋਂ।

**ਸਾਧੂ:** ਪਿਛਲੇ ਦਹਾਕੇ ਵਿਚ ਪੰਜਾਬੀ ਸਾਹਿਤ ਵਿਚ ਬਹੁਤ ਕੁੱਝ ਅਗਾਂਹ-ਵਧੂ ਛਾਪਿਆ ਗਿਆ ਹੈ। ਕੀ ਪੰਜਾਬੀ ਪੱਤਰਕਾਰੀ ਵਿਚ ਵੀ ਕੋਈ ਇਹੋ ਜਿਹੀ ਤਬਦੀਲੀ ਆਈ ਹੈ।

**ਉਦਾਸੀ:** ਜਦੋਂ ਲੋਕ ਕਮੇਟੀਆਂ ਅੱਗੇ ਵਧਦੀਆਂ ਹਨ ਤਾਂ ਜੇ ਉਨ੍ਹਾਂ ਦੀ ਖ਼ਬਰ ਸਿਰਫ਼ ਇਕ ਪਾਸੜ ਹੋਵੇ ਜਿਵੇਂ ਕਿ ਪ੍ਰਚਲਤ ਰਹਿੰਦਾ ਹੀ। ਤਾਂ ਮੈਂ ਸਮਝਦਾ ਹਾਂ ਕਿ ਉਹ ਪੂਰੀ ਨਹੀਂ। ਜਦੋਂ ਸਾਡੇ ਪਾਸਿਆਂ ਤੋਂ ਜਾਣੀ ਕਿ ਸਰਬ-ਪੱਖੀ ਵਿਕਾਸ ਹੁੰਦਾ ਹੈ ਤਾਂ ਗਿਆਨ ਠੀਕ ਹੁੰਦਾ ਹੈ। ਜੋ ਜਿਥੇ ਪੰਜਾਬੀ ਕਵਿਤਾ ਨੇ ਵਿਕਾਸ ਕੀਤਾ ਹੈ ਉਹਦੇ ਨਾਲ ਨਾਲ ਪੰਜਾਬੀ ਲੋਕ-ਗੀਤ ਨੇ ਬਹੁਤ ਵਿਕਾਸ ਕੀਤਾ ਹੈ। ਅੱਗੇ ਪਿੰਡਾਂ ਵਿਚ ਨਾਟਕਾਂ ਨੂੰ ਕੋਈ ਕੁੱਝ ਸਮਝਦਾ ਹੀ ਨਹੀਂ ਸੀ ਹੁੰਦਾ। ਹੁਣ ਪਿੰਡ ਪਿੰਡ ਵਿਚ ਇਹ ਮੰਗ ਹੁੰਦੀ ਹੈ ਕਿ ਸਾਡੇ ਪਿੰਡ ਨਾਟਕ ਕਰੋ ਸਾਡੇ ਪਿੰਡ ਵਿਚ ਤੁਸੀਂ ਦਾ ਨਾਟਕ ਕਰੋ। ਪਹਿਲਾਂ ਪਿੰਡਾਂ 'ਚ ਜੋ ਨਚਾਰ ਆਉਂਦੇ ਸੀ ਜਾਂ ਨਕਲੀਏ ਜਾਂ ਨਾਚ ਤੇ ਰਾਸ ਲੀਲਾ ਕਰਨ ਵਾਲੇ ਆਉਂਦੇ ਸੀ। ਹੁਣ ਅੱਜ ਗੱਲ ਬਦਲੀ ਹੈ। ਪਿੰਡੋ ਪਿੰਡ ਕਿਰਤੀ ਕਿਸਾਨ ਸਭਾਵਾਂ ਬਣੀਆਂ ਹੋਈਆਂ ਹਨ, ਤਰਕਸ਼ੀਲ ਪਾਰਟੀਆਂ ਹਨ। ਸਭਿਆਚਾਰਕ ਕੇਂਦਰ ਬਣੇ ਹੋਏ ਹਨ। ਉਨ੍ਹਾਂ ਦੀ ਇਹ ਵੱਡੀ ਮੰਗ ਹੁੰਦੀ ਹੈ ਕਿ ਉਹ ਆ ਕੇ ਚੰਗੇ ਤਰ੍ਹਾਂ ਚੰਗੀਆਂ ਕਵਿਤਾਵਾਂ ਸੁਣਨ। ਇਹਦੇ ਨਾਲ ਪੱਤਰਕਾਰੀ ਦੀ ਵੀ ਇਹੋ ਗੱਲ ਹੈ। ਜੋ ਪੰਜਾਬੀ ਵਿਚ ਜਾਂ ਬਾਕੀ ਹਿੰਦੁਸਤਾਨ ਦੇ ਹਿੱਸਿਆਂ ਵਿਚ ਵੀ — ਮੈਨੂੰ ਤਾਂ ਪੰਜਾਬੀ ਬਾਰੇ ਗਿਆਨ ਪਤਾ ਹੈ, ਤਰਕੀਬਨ ਦਸ ਤੋਂ ਵੱਧ ਰਸਾਲੇ ਇਹੋ ਜਿਹੇ ਛਪਦੇ ਹਨ ਜਿਹੜੇ ਲੋਕ ਪੱਖੀ ਗੱਲਾਂ ਨੂੰ ਅੱਗੇ ਲਿਆਉਂਦੇ ਹਨ। ਮੈਂ ਇਹ ਸਮਝਦਾ ਹਾਂ ਕਿ ਪੱਤਰਕਾਰੀ ਦੇ ਖੇਤਰ ਵਿਚ ਇਕੋ ਫ਼ਰਕ ਹੋਇਆ ਕਿ ਜਿਹੜੇ ਬੁਰਜੂਆ ਅਦਾਰੇ ਜੋ ਪੱਤਰਕਾਰੀ ਦੇ, ਉਹਨਾਂ ਨੂੰ ਵੀ ਮਜ਼ਦੂਰ ਲੋਕਾਂ ਦੀਆਂ ਗੱਲਾਂ ਜਾਂ ਲੋਕਾਂ ਦੀਆਂ ਗਤੀਵਿਧੀਆਂ ਪੇਸ਼ ਕਰਨੀਆਂ ਪੈਂਦੀਆਂ ਹਨ। ਕਿਉਂਕਿ ਉਹਨਾਂ ਨੂੰ ਡਰ ਹੁੰਦਾ ਹੈ ਕਿ ਜਿਥੇ ਲੋਕ-ਪੱਖੀ ਪੱਤਰਕਾਰ ਹੀ ਬਾਜ਼ੀ ਨਾ ਲੈ ਜਾਣ — ਜੋ ਉਹਨਾਂ ਨੂੰ ਜਬਰਨ ਉਤਾਰ ਦੇ ਦਬਾਅ ਥੱਲੇ ਮਜ਼ਦੂਰ ਲੋਕ ਪੱਖੀ ਗੱਲਾਂ ਕਰਨੀਆਂ ਪੈਂਦੀਆਂ ਹਨ। ਜੋ ਇਹ ਸਭ ਲੋਕ-ਪੱਖੀ ਪੱਤਰਕਾਰੀ ਦੇ ਮੈਦਾਨ ਵਿਚ ਆਉਣ ਕਰਕੇ ਹੀ ਹੋਇਆ ਹੈ।

**ਸਾਧੂ:** ਹਿੰਦੁਸਤਾਨ ਦੀਆਂ ਹੋਰ ਬੋਲੀਆਂ ਦੇ ਸਾਹਿਤ ਵਿਚ ਅੱਜ ਕੱਲ ਕਿਸ ਕਿਸਮ ਦੇ ਸਾਹਿਤ ਦਾ ਬੋਲ-ਬਾਲਾ ਹੈ?

**ਉਦਾਸੀ:** ਮੈਂ ਇਸੇ ਜਨਵਰੀ ਵਿਚ ਕਲਕੱਤੇ ਗਿਆ ਸਾਂ। ਕਲਕੱਤੇ ਮੇਰੇ ਸਨਮਾਨ ਵਿਚ ਤਕਰੀਬਨ ਬੰਗਾਲੀ, ਮਰਾਠੀ, ਪੰਜਾਬੀ ਤੇ ਹਿੰਦੀ ਦੇ ਲਿਖਾਰੀ ਇਕੱਠੇ ਹੋਏ ਸਨ। ਬੇਸ਼ਕ ਕਈਆਂ ਲਿਖਾਰੀਆਂ ਦੀ ਗੱਲ ਮੈਨੂੰ ਜ਼ਿਆਦਾ ਤੌਰ ਤੇ ਸਮਝ ਨਹੀਂ ਆਈ ਪਰ ਆਮ ਤੌਰ ਤੇ ਬੰਗਾਲੀ ਤੇ ਹਿੰਦੀ ਦੇ ਲਿਖਾਰੀਆਂ ਦੁਆਰਾ ਬਹੁਤ ਪ੍ਰਭਾਵਸ਼ਾਲੀ ਕਵਿਤਾਵਾਂ ਪੜ੍ਹੀਆਂ ਗਈਆਂ ਤੇ ਲੇਖ ਅਤੇ ਗੀਤ ਪੇਸ਼ ਕੀਤੇ ਗਏ। ਮੈਂ ਸਮਝਦਾ ਹਾਂ ਕਿ ਕੱਲੇ ਪੰਜਾਬ ਵਿਚ ਹੀ ਨਹੀਂ ਪੰਜਾਬ ਤਾਂ ਸਗੋਂ ਲੋਕ ਪੱਖੀ ਕਵਿਤਾ ਵਿਚ ਬਹੁਤ ਪਛੜਿਆ ਹੋਇਆ ਹੈ ਜਿੰਨਾ ਅੱਗੇ-ਵਧੂ ਬੰਗਾਲ ਜਾਂ ਆਂਧਰਾ ਤੇ ਬਿਹਾਰ ਹੈ ਜਾਂ ਉੱਤਰ ਪ੍ਰਦੇਸ਼ ਹੈ। ਉਤਨਾ ਪੰਜਾਬ ਨਹੀਂ। ਉੱਤਰ ਪ੍ਰਦੇਸ਼ ਵਿਚ ਸਫ਼ਦਰ ਦੇ ਦੋ ਇੱਕ ਲੇਖਕ-ਉਹਨਾਂ ਦੇ ਨਾਂ ਤਾਂ ਮੈਨੂੰ ਯਾਦ ਨਹੀਂ ਉਨ੍ਹਾਂ ਨੇ ਬਹੁਤ ਹੀ ਦਬੀਆਂ ਪ੍ਰਭਾਵ ਦਿੱਤਾ। ਜਾਣੀ ਸਮੁੱਚੇ ਹਿੰਦੁਸਤਾਨ ਦੇ ਵਿਚ ਅੱਗੇ ਵਧੂ ਲਹਿਰ ਦੇ ਲੇਖਕ ਹਨ ਤੇ ਉਹ ਇਕੱਲੇ ਵਿਚ ਅੱਗੇ ਵੱਧ ਰਹੇ ਹਨ ਤੇ ਲੋਕ ਪੱਖੀ ਰਚਨਾਵਾਂ ਕਰ ਰਹੇ ਹਨ।

**ਸਾਧੂ:** ਤੁਸੀਂ ਹੁਣ ਤੱਕ ਕਿੰਨੀ ਵਾਰ ਜੇਲ੍ਹ ਜਾ ਚੁੱਕੇ ਹੋ? ਆਪਣੇ ਜੇਲ੍ਹ ਜੀਵਨ ਬਾਰੇ ਤੇ ਤੁਹਾਡੇ ਉਤੇ ਹੋਏ ਜਿਸਮਾਨੀ-ਅਤਿਆਚਾਰਾਂ ਬਾਰੇ ਸਾਨੂੰ ਕੁੱਝ ਦੱਸੋ?

**ਉਦਾਸੀ:** ਸਭ ਤੋਂ ਪਹਿਲਾਂ ਮੈਨੂੰ ਜਨਵਰੀ 1971 ਵਿਚ ਫੜਿਆ ਗਿਆ ਸੀ। ਉਸ ਵਕਤ ਲਗਾਤਾਰ ਮੈਨੂੰ ਅੱਠੀ ਦਿਨ ਇੰਟੈਰੋਗੇਸ਼ਨ ਵਿਚ ਰੱਖਿਆ ਗਿਆ। ਉਥੇ ਉਚੇਚੇ ਤੌਰ ਤੇ ਜਿਹੜਾ ਮੈਨੂੰ ਹੁਣ ਤੱਕ ਵੀ ਮਹਿਸੂਸ ਹੁੰਦਾ ਹੈ ਉਹ ਇਕ ਤਾਂ ਕੰਨਾਂ ਦਾ ਦਰਦ ਗਿਣਿਆ ਜਾਂਦਾ ਹੈ। ਇਕ ਜਿਹੜਾ ਉਹਨਾਂ ਨੇ ਮੇਰਾ ਸਿਰ ਜ਼ਿਆਦਾ ਘੋਟਿਆ। ਜਿਹੜਾ ਨਰਵਸ ਸਿਸਟਮ ਇਹ ਉਪਰੋਂ ਸਮਝਿਆ ਘੋਟਣਾ ਪਰ ਕੇ ਉਹਦਾ ਮੇਰੇ ਤੇ ਜ਼ਿਆਦਾ ਅਸਰ ਹੋਇਆ ਹੈ। ਉਸ ਨਾਲ ਮੇਰੀ ਨਜ਼ਰ ਤੇ ਬਹੁਤ ਮਾੜਾ ਅਸਰ ਹੋਇਆ ਹੈ ਤੇ ਮੇਰੀ ਸੁਣਨ ਸ਼ਕਤੀ ਤੇ ਵੀ ਕਾਫ਼ੀ ਪ੍ਰਭਾਵ ਪਿਆ। ਇਥੋਂ ਤੱਕ ਕਿ ਮੈਂ ਹੁਣ ਘਬਰਾਉਂਦਾ ਬਹੁਤ ਛੇਤੀ ਹਾਂ। ਮੈਨੂੰ ਗੁੱਸਾ ਬੜੀ ਛੇਤੀ ਚੜ੍ਹ ਜਾਂਦਾ ਹੈ। ਅਤੇ ਜਿਹੜੇ ਕੰਮ ਬਾਅਦ ਮੈਨੂੰ ਪਛਤਾਵਾ ਹੋ ਜਾਂਦਾ ਹੈ। ਉਹਦੇ ਨਾਲ ਕਈ ਕਿਸਮ ਦੇ ਅਸਰ ਹੋਏ ਹਨ ਮੇਰੀ ਸਿਹਤ ਤੇ। ਮੇਰੀ ਇਕ ਅੱਖ ਤਾਂ ਬਿਲਕੁਲ ਕੰਮ ਨਹੀਂ ਕਰਦੀ। ਮੈਂ ਜ਼ਿੰਦਗੀ ਵਿਚ ਤਿੰਨ ਵਾਰ ਬਲਾਈਂਡ ਹੋ ਚੁੱਕਾ ਹਾਂ। ਇਕ ਵਾਰ 1973 ਦੇ ਵਿਚ ਪੂਰੀ ਤਰ੍ਹਾਂ। ਉਸ ਵਕਤ ਕਲਕੱਤੇ ਵਾਲੇ ਸਾਥੀਆਂ ਨੇ ਬਹੁਤ ਯਤਨ ਕਰਕੇ ਦੁਨੀਆਂ-ਪੱਧਰ ਦੇ ਡਾਕਟਰ ਕੋਲੋਂ ਮੇਰਾ ਇਲਾਜ ਕਰਵਾਇਆ। ਉਸ ਤੋਂ ਬਾਅਦ 29 ਜਨਵਰੀ 1977 ਨੂੰ ਮੈਂ ਬਲਾਈਂਡ ਹੋਇਆ, ਬਾਬਾ ਬੂਝਾ ਸਿੰਘ ਦੀ ਬਰਸੀ ਤੋਂ ਪਰਤੋਂ। ਉਸ ਤੋਂ ਬਾਅਦ ਪੀ. ਜੀ. ਹਸਪਤਾਲ ਦੇ ਸਿਆਣੇ ਡਾਕਟਰਾਂ ਨੇ ਮੇਰਾ ਇਲਾਜ ਕੀਤਾ। ਜ਼ਿਆਦਾ ਦੇਰ ਤੱਕ ਗਹਿਰ ਨਾਲ ਜਾਂ ਫੋਕਸ ਨਾਲ ਜਾਂ ਅਚਾਨਕ ਨਾਲ ਦਿਮਾਗ ਤੇ ਜ਼ੋਰ ਪੈ ਜਾਂਦਾ ਹੈ। ਫੇਰ 9 ਅਕਤੂਬਰ ਨੂੰ ਟੋਟਲੀ ਬਲਾਈਂਡ ਹੋ ਗਿਆ ਸੀ ਤੇ ਡਾਕਟਰਾਂ ਨੇ ਹੈਰਾਨ ਹੋ ਕੇ ਕਿਹਾ ਸੀ ਕਿ ਅਸੀਂ ਜੂਆ ਖੇਡ ਰਹੇ ਹਾਂ। ਪਤਾ ਨਹੀਂ ਉਸ ਵਿਚ ਸਾਡੀ ਜਿੱਤ ਹੋਵੇਗੀ ਕਿ ਹਾਰ ਹੋਵੇਗੀ। ਪਰ ਉਹ ਠੀਕ ਹੋ ਗਿਆ। ਅੱਸੀ ਟੱਕੇ ਦੀਵੇ ਅੱਖ ਵਿਚ ਲੱਗੇ। ਉਹਦੇ ਨਾਲ ਸੱਜੀ ਅੱਖ ਵਿਚ ਵਿਜ਼ਨ 6/24 ਹੈ। ਖੱਬੀ ਅੱਖ ਬਿਲਕੁਲ ਬਲਾਈਂਡ ਹੈ। ਅੱਖ ਵਿਚ ਟੀਰ ਵੀ ਆ ਗਿਆ ਸੀ। ਉਹ ਠੀਕ ਉਪਰੇਸ਼ਨ ਕਰਕੇ ਸਿੱਧੀ ਕੀਤੀ। ਬਹੁਤੀ ਗੱਲ ਤਾਂ ਇਹ ਹੈ ਮੇਰੇ ਤੰਤ੍ਰਿਕ ਜਾਂ ਜਿਸ ਨੂੰ ਅਸੀਂ ਨਰਵਿਸ ਸਿਸਟਮ ਕਹਿੰਦੇ ਹਾਂ। ਉਹਦੇ ਤੇ ਬਹੁਤ ਜ਼ਿਆਦਾ ਅਸਰ ਹੋਇਆ ਹੈ। ਕਿਸੇ ਵੀ ਇਕ ਕਿਸਮ ਦੇ ਮੌਸਮ ਵਿਚ ਬਹੁਤਾ ਚਿਰ ਨਹੀਂ ਠਹਿਰ ਸਕਦਾ। ਨਾ ਬਹੁਤੀ ਗਰਮੀ ਸਹੀ ਜਾਂਦੀ ਹੈ ਨਾ ਸਰਦੀ। ਨਾ ਜ਼ਿਆਦਾ ਉੱਚੀ ਅਵਾਜ਼ ਹੀ ਸਹੀ ਜਾਂਦੀ ਹੈ। ਜਦੋਂ ਮੈਂ ਗਾਉਂਦਾ ਹੁੰਦਾ ਹਾਂ ਤਾਂ ਲੋਕ ਵੱਡੀਆਂ ਵੱਡੀਆਂ ਆਸਾਂ ਲੈ ਕੇ ਸੁਣਨ ਆਉਂਦੇ ਹਨ। ਤੇ ਉਹ ਥੋੜ੍ਹਾ ਜਿਹਾ ਪ੍ਰਭਾਵ ਹੀ ਲੈ ਕੇ ਜਾਂਦੇ ਹਨ। ਗਾਉਣ ਤੋਂ ਮੈਂ ਕਾਫ਼ੀ ਘਬਰਾਉਂਦਾ ਹਾਂ ਜਾਣੀ 'ਸਾਈਕਿਕ' ਹੋ ਜਾਂਦਾ ਹਾਂ। ਸ਼ਹਿਰ ਕਰਨ ਤੋਂ ਮੈਂ ਬਹੁਤ ਡਰਦਾ ਹਾਂ ਮੈਨੂੰ ਆਮ ਤੌਰ ਤੇ 'ਨਰਵੀ-ਟੀਬਰ' ਹੋ ਜਾਂਦਾ ਹੈ। ਇਹ ਹੀ ਗੱਲ ਨਹੀਂ ਕਿ ਮੈਨੂੰ ਕੱਲੇ ਨੂੰ ਹੀ ਇੰਟੈਰੋਗੇਟ ਕੀਤਾ ਗਿਆ. ਬਲਕਿ ਮੇਰੇ ਬੱਚਿਆਂ

ਨੂੰ ਵੀ। ਓਸੇ ਨੂੰ ਹੀ ਤਾਣੇ ਵਿਚ ਕੇ ਛੱਡਿਆ ਗਿਆ। ਐਮਰਜੈਂਸੀ ਤੋਂ ਪਹਿਲਾਂ ਮੈਨੂੰ ਚਾਰ ਵਾਰ ਅਰੈਸਟ ਕੀਤਾ ਗਿਆ ਸੀ। ਦਸੂਹੇ ਦੇ ਮਾਮਲੇ ਵਿਚ ਹੀ ਮੈਨੂੰ ਚੁੱਕਿਆ ਗਿਆ ਸੀ। ਪੰਦਰਾਂ ਦਿਨਾਂ ਵਿਚ ਲਗਾਤਾਰ ਇੰਟੈਰੋਗੇਟ ਕੀਤਾ ਗਿਆ। ਐਮਰਜੈਂਸੀ ਦੇ ਦੌਰਾਨ ਮੇਰੇ ਤੇ ਪੰਜ ਕੇਸ ਬਣਾਏ ਗਏ ਸੀ ਜਿਹੜੇ ਇਕ ਕਰਕੇ ਮਹੀਨੇ ਕਦੇ ਇਕ ਮਹੀਨਾ ਕਦੇ ਪੰਦਰਾਂ ਦਿਨ। ਇਸ ਤਰ੍ਹਾਂ ਉਹਨਾਂ ਨੇ ਲਗਾਤਾਰ ਪੰਜ ਕੇਸਾਂ ਵਿਚ ਫਸਾਈ ਰੱਖਿਆ ਤੇ ਗਿਆਰਾਂ ਚਾਰ ਮਹੀਨੇ ਮੈਨੂੰ ਖਰਾਬ ਕੀਤਾ। ਅੱਜ ਤਾਂਈ ਦੇ ਚਾਰ ਜੇਲਾਂ ਤੋਂ ਮੁਅੱਤਲ ਹੋ ਚੁੱਕਿਆ ਹਾਂ। ਇਸ ਤਰ੍ਹਾਂ ਦੀ ਮੇਰੀ ਵਿਥਿਆ ਹੈ। ਬਾਕੀ ਜਿਹੜੀ ਗੱਲ ਹੈ ਪਈ ਮੈਨੂੰ ਟਾਰਚਰ ਇਸ ਤਰ੍ਹਾਂ ਕੀਤਾ ਗਿਆ ਇਹ ਤਾਂ ਪਬਲਿਕ ਵਿਚ ਹੀ ਪਤਾ ਲਗਦਾ। ਕਿਉਂਕਿ ਜਿਹੜਾ ਪੰਦਰਾਂ ਨੂੰ ਫਿਰ ਹੀ ਟਾਰਚਰ ਸਹਿ ਸਕਦਾ ਹੈ ਤੇ ਉਸ ਤੋਂ ਬਾਹਰ ਬੇਹੋਸ਼ ਹੋ ਜਾਂਦਾ ਹੈ ਤੇ ਉਸ ਤੋਂ ਬਾਹਰ ਉਹ ਪਤਾ ਨਹੀਂ ਕੀ ਕਰਦੇ ਆ ਤੇ ਕੀ ਨਹੀਂ ਕਰਦੇ। ਇਕ ਗੱਲ ਜਿਹੜੀ ਮੈਨੂੰ ਬਹੁਤ ਦੁਖੀਆ ਲੱਗੀ ਤੇ ਹਰ ਵੇਲੇ ਮੇਰੇ ਅੰਗ ਸੰਗ ਰਹੀ ਹੈ ਉਹ ਇਹ ਕਿ ਜਦੋਂ ਵੀ ਮੈਨੂੰ ਟਾਰਚਰ ਕਰਦੇ ਸੀ ਤਾਂ ਮੇਰਾ ਵਿਸ਼ਵਾਸ - ਉਹ ਵਿਸ਼ਵਾਸ ਜਿਸ ਨੂੰ ਮੇਰੇ ਲੋਕਾਂ ਨੇ ਆਸਾਂ ਨਾਲ ਜਗੀਦੇ, ਦੇਗਾਂ ਵਿਚ ਉਬਲਦੇ, ਤੱਤੀਆਂ ਤਵੀਆਂ ਤੇ ਬਹਿ ਕੇ ਤੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਗਲਾਂ 'ਚ ਹਾਰ ਪੁਆ ਕੇ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਤਸੀਹੇ ਸਹਿ ਕੇ ਸਿਦਕ ਨੂੰ ਕਾਇਮ ਰੱਖ ਕੇ ਜਿਤਾਇਆ ਹੈ - ਇਹ ਮੇਰੇ ਲਈ ਬਹੁਤ ਸਹਾਈ ਰਿਹਾ ਹੈ। ਕਿਉਂਕਿ ਮੈਂ 1971 ਤੋਂ ਪਹਿਲਾਂ ਧਾਰਮਿਕ ਜ਼ਿੰਦਗੀ ਨੂੰ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਜਾਂ ਜਿਹੜਾ ਸਾਡਾ ਸਮਾਜਕ ਪਿਛੋਕੜ ਸੀ ਉਹ ਸਭ ਪੜ੍ਹ ਚੁੱਕਿਆ ਸਾਂ। ਤੇ ਮੈਂ ਖੁਦ ਉਸ ਦਾ ਧਾਰਨੀ ਵੀ ਸੀ ਤੇ ਹੁਣ ਵੀ ਹਾਂ ਉਸ ਵਿਸ਼ਵਾਸ ਦਾ। ਉਸ ਵਿਸ਼ਵਾਸ ਨੇ ਮੇਰੇ ਤੇ ਬੜਾ ਪ੍ਰਭਾਵ ਛੱਡਿਆ। ਮੇਰੇ ਸਿਦਕ ਕਾਇਮ ਰੱਖਣ ਵਿਚ ਇਹ ਗੱਲ ਬੜੀ ਸਹਾਈ ਹੋਈ ਹੈ। ਇਹ ਗੱਲ ਮੈਨੂੰ ਬਹੁਤ ਫ਼ਖ਼ਰ ਤੇ ਆਣ ਨਾਲ ਭਰਦੀ ਪੈਂਦੀ ਹੈ।

**ਸਾਧੂ:** ਭਾਰਤ ਦੀ ਸਿਆਸੀ ਹਾਲਤ ਬਾਰੇ ਕੁੱਝ ਦੱਸੋ?

**ਉਦਾਸੀ:** ਅਸੀਂ ਇਸ ਗੱਲ ਖਾਤਰ ਲੜ ਰਹੇ ਹਾਂ ਜਾਂ ਇਸ ਗੱਲ ਖਾਤਰ ਟਾਰਚਰ ਸੈਂਟਰਾਂ ਦਾ, ਇੰਟੈਰੋਗੇਸ਼ਨ ਸੈਂਟਰਾਂ ਦਾ ਸਾਹਮਣਾ ਕਰ ਰਹੇ ਹਾਂ ਉਹ ਹੈ ਕਿ ਅਸੀਂ ਜੋ ਚਾਹੁੰਦੇ ਹਾਂ, ਸਾਡੇ ਜੋ ਲੋਕ ਚਾਹੁੰਦੇ ਸਨ ਉਹ ਅਜੇ ਤੱਕ ਨਹੀਂ ਹੋ ਸਕਿਆ। ਲੋਕਾਂ ਨੇ 1947 ਤੋਂ ਬਾਅਦ ਮਹਿਸੂਸ ਕੀਤਾ ਸੀ ਕਿ ਅੰਗਰੇਜ਼ਾਂ ਦਾ ਰਾਜ ਚਲੇ ਗਿਆ ਤੇ ਹੁਣ ਸਾਡੇ ਲੋਕਾਂ ਦਾ ਰਾਜ ਆ ਗਿਆ ਤੇ ਹੁਣ ਸਾਡੀ ਮੁਕਤੀ ਦਾ ਰਾਹ ਖੁੱਲ੍ਹ ਗਿਆ। ਪਰ ਲੋਕਾਂ ਨੂੰ ਸਭੋਂ ਪਹਿਲਾਂ ਤੋਂ ਹੀ ਦੋਹਰੀ ਤੀਹਰੀ ਗੁਲਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਸ ਵਿਚ ਕੋਈ ਖਾਸ ਤਬਦੀਲੀ ਨਹੀਂ ਆਈ। 1975 ਦੇ ਵਿਚ ਅਸੀਂ ਸੋਚਿਆ ਸੀ ਕਿ ਅਸੀਂ ਜਿਹੜੇ ਇਨਕਲਾਬੀ ਹਾਂ ਸਾਨੂੰ ਤਾਂ ਹੁਣ ਕਦੀ ਬਾਹਰ ਆਉਣ ਦਾ ਮੌਕਾ ਹੀ ਨਹੀਂ ਮਿਲਣਾ। ਅਸੀਂ ਤਾਂ ਹੁਣ ਜੇਲ੍ਹਾਂ 'ਚ ਹੀ ਸੜ ਜਾਣਾ ਹੈ ਜਿਸ ਵਿਚ ਸਾਨੂੰ ਐਮਰਜੈਂਸੀ ਲੱਗੀ ਤੇ ਬੰਦ ਕੀਤਾ ਸੀ। ਪਰ 1977 ਵਿਚ ਅਸੀਂ ਮਹਿਸੂਸ ਕੀਤਾ ਕਿ ਕੁੱਝ ਹੋਣ ਵਾਲਾ ਹੈ ਕੁੱਝ ਨਾ ਕੁੱਝ ਸਾਡੀ ਮੁਕਤੀ ਦਾ ਰਾਹ ਖੁੱਲ੍ਹਣਾ ਹੋ ਗਿਆ ਹੈ, ਪਰ ਕਿਉਂਕਿ ਸਟੇਟ ਦਾ ਜਿਹੜਾ ਨਹੀਂ ਸੀ ਬਦਲਿਆ। ਸਾਨੂੰ ਕੁੱਝ ਰਾਹਤ ਤਾਂ ਮਿਲੀ। ਮਗਰੋਂ, ਇਸ ਤਰ੍ਹਾਂ ਪੰਜਾਬੀ ਅਖਾਉਤ ਹੈ ਪਈ 'ਪਰਨਾਲਾ ਉਥੇ ਦਾ ਉਥੇ'। ਮੈਂ ਅਜੇ ਕੁੱਝ ਨਵਾਂ ਨਹੀਂ ਵਾਪਰਿਆ। ਮੇਰੇ ਲਈ ਉਹੋ ਜਿਹਾ ਜੀਵਨ-ਇਕ ਕਰਵਾਈਆਂ ਵਾਲਾ ਜੀਵਨ-ਸੀ ਰਹੇ ਹਨ, ਅਜ ਵੀ ਜੇ ਅਸੀਂ ਪੰਜਾਬ ਵਿਚ ਦੇਖੀਏ ਤਾਂ ਪੰਦਰਾਂ ਪੰਜਾਂ ਸਾਲਾਂ ਬਾਅਦ, ਇਸ ਤਰ੍ਹਾਂ ਲੋਕ ਤੀਲਨ-ਪੰਦਰੇਕ ਲੋਕ ਲਹੀ ਐਥੇ ਉਠੇ ਰਹੇ ਤੇ ਇਸ ਤਰ੍ਹਾਂ ਸਰਮਾਏਦਾਰ ਉਸ ਨੂੰ ਇਕ ਲੁਟ ਰਿਹਾ ਹੈ ਤੇ ਆਪ ਬਲੈਕ ਵਿਚ ਵੇਚ ਦੇਂਦੇ ਹਨ। ਇਸ ਤਰ੍ਹਾਂ ਮੇਰੇ ਮੁਤਾਬਿਕ ਲੋਕ ਜਿਹੜੇ 1947 ਦੇ ਵਿਚ ਕੇਵਲ 35% ਲੋਕ- ਗਰੀਬੀ ਲਾਈਨ ਤੋਂ ਥੱਲੇ ਜਿਉਂਦੇ ਸੀ ਪਰ ਸਾਡੀ ਬਦਕਿਸਮਤੀ ਇਹ ਹੈ ਕਿ ਸਾਡੀ ਸਰਕਾਰ ਇਸ ਨੂੰ ਅਜ਼ਾਦੀ ਕਹਾਉਂਦੀ ਹੈ ਤੇ ਡੈਮੋਕਰੈਟਿਕ ਇੰਡੀਆ ਕਹਾਉਂਦੀ ਹੈ ਤੇ ਅੱਜ ਸਾਡੇ 60% ਤੋਂ 65% ਲੋਕ ਗਰੀਬੀ ਲਾਈਨ ਤੋਂ ਥੱਲੇ ਜਿਉਂਦੇ ਹਨ। ਇਥੋਂ ਤੱਕ ਕਿ ਸਾਡਾ ਧਾਰਮਿਕ ਜੀਵਨ ਵੀ ਬਹੁਤ ਗਿਰਿਆ ਹੋਇਆ ਹੈ ਤੇ ਸਾਡਾ ਸਮਾਜਿਕ ਜੀਵਨ ਤਾਂ ਬਿਲਕੁਲ ਤਬਾਹ ਹੀ ਹੋ ਗਿਆ ਹੈ। ਇਥੋਂ ਤੱਕ ਕਿ ਜਿਹੜੇ ਬੱਚੇ ਪੜ੍ਹ ਲਿਖ ਜਾਂਦੇ ਹਨ ਉਹਨਾਂ ਨੂੰ ਇਸ ਸਿਸਟਮ ਵਿਚ ਫਿੱਟ ਹੋਣ ਲਈ ਜਾਂ ਰੁਜ਼ਗਾਰ ਲੱਭਣ ਲਈ ਬੜੀ ਜਾਂਦੀ ਬਹੁਤ ਡੀ-ਮੋਰਲਾਈਜ਼ ਹੋਣਾ ਪੈਂਦਾ ਹੈ। ਸਾਡੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਰੁਜ਼ਗਾਰ ਲੱਭਣ ਲਈ ਜਾਂ ਪੇਟ ਪੂਰਤੀ ਲਈ ਬਹੁਤ ਕੁੱਝ ਕੀਹ ਦੇਖਣਾ ਪੈਂਦਾ ਹੈ, ਇਖਲਾਕ ਤੋਂ ਗਿਰੀਆਂ ਹੋਈਆਂ ਗੱਲਾਂ ਕਰਨੀਆਂ ਪੈਂਦੀਆਂ ਹਨ। ਕੱਲਕੱਤੇ ਦੇ ਸੋਨਾਗਾਛੀ ਇਹਦਾ ਸਬੂਤ ਹਨ। ਦਿੱਲੀ ਦੀ ਜੀ. ਬੀ. ਰੋਡ ਵੀ ਇਸ ਦੀ ਸਬੂਤ ਹੈ। ਇਕ ਸਰਕਾਰੀ ਰਿਪੋਰਟ ਮੁਤਾਬਕ ਇਕੱਲੇ ਬੰਬਈ ਸ਼ਹਿਰ ਵਿਚ 72000 ਉਹ ਕੁੜੀਆਂ ਹੈ ਜੋ ਰੋਟੀ ਦੀ ਖਾਤਰ ਆਪਣਾ ਜਿਸਮ ਵਿਕਾਉਂਦੀ ਹੈ, ਇੱਜ਼ਤ ਵੇਚਦੀ ਹੈ। ਜੋ ਮੈਂ ਸਮਝਦਾ ਹਾਂ ਕਿ ਇਹ ਸਾਡੀਆਂ ਅਲਾਮਤਾਂ ਸਰਕਾਰ ਦਾ ਬਦਲਣ ਕਾਰਨ ਜਾਂ ਸਰਕਾਰ ਦਾ ਢਾਂਚਾ ਨਾ ਬਦਲਣ ਕਰਕੇ ਹੀ ਹਨ। ਤੇ ਸਰਕਾਰ ਅਜੇ ਬਦਲਦੀ ਵੀ ਨਹੀਂ ਲਗਦੀ। ਤੇ ਇਸ ਤਰ੍ਹਾਂ ਦਾ ਹੋਣਾ ਵੀ ਨਹੀਂ ਕਿ ਬੜੇ ਅਮਨ ਅਮਾਨ ਨਾਲ ਥਾਲੀ ਵਿਚ ਪਰੋਸਿਆ ਹੋਇਆ ਇਨਕਲਾਬ ਸਾਨੂੰ ਮਿਲ ਜਾਏਗਾ। ਇਸ ਤਰ੍ਹਾਂ ਪਰੋਸ ਕੇ ਕੋਈ ਇਨਕਲਾਬ ਕਿਸੇ ਨੂੰ ਦਿੰਦਾ ਨਹੀਂ। ਉਹ ਤਾਂ ਲੋਕ ਲੈ ਕੇ ਆਉਂਦੇ ਹਨ। ਉਹ ਲੋਕ ਜਿਹੜੇ ਸਰਮਾਏਦਾਰੀ ਜਗੀਰਦਾਰੀ ਦੀਆਂ ਚਾਲਾਂ ਨੂੰ ਸਮਝਦੇ ਹਨ ਉਹ ਜਥੇਬੰਦ ਹੋ ਕੇ ਹਥਿਆਰਬੰਦ ਤਰੀਕੇ ਨਾਲ ਇਨਕਲਾਬ ਲਿਆਉਂਦੇ ਹਨ। ਮੇਰਾ ਇਹ ਵਿਚਾਰ ਹੈ ਕਿ ਮਾਰਕਸਵਾਦ - ਲੈਨਿਨਵਾਦ ਤੇ ਮਾਓ ਵਿਚਾਰਧਾਰਾ ਬਗੈਰ ਕਿਤੇ ਵੀ ਕੋਈ ਇਨਕਲਾਬ ਨਹੀਂ ਆਉਣਾ ਉਸ ਵਿਚ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ। ਮੇਰਾ ਖਿਆਲ ਹੈ ਦੁਨੀਆਂ ਵਿਚ ਅਜੇ ਤੱਕ ਇਹਨਾਂ ਗੱਲਾਂ ਤੋਂ ਬਿਨਾਂ ਕੋਈ ਇਨਕਲਾਬ ਨਹੀਂ ਆਇਆ ਜਿਹੜਾ ਲੋਕਾਂ ਦੀ ਮੁਕਤੀ ਲਈ ਇਕ ਕਾਮਯਾਬ ਹੋਇਆ ਹੋਵੇ।

**ਸਾਧੂ:** ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਸੀ. ਪੀ. ਆਈ. ਤੇ ਸੀ. ਪੀ. ਐਮ ਬਾਰੇ ਤੁਹਾਡੀ ਕੀ ਰਾਏ ਹੈ?

**ਉਦਾਸੀ:** 1962 ਤੋਂ ਪਹਿਲਾਂ ਸਾਨੂੰ ਇਕ ਬਹੁਤ ਵੱਡਾ ਭੁਲੇਖਾ ਸੀ ਕਿ ਇਹ ਕਮਿਊਨਿਸਟ

ਪਾਰਟੀ ਬਣੀ ਹੈ। 1947 ਤੋਂ ਮਗਰੋਂ ਹੋਰ ਕੋਈ ਇੰਨੀ ਵੱਡੀ ਪਾਰਟੀ ਹੀ ਨਹੀਂ ਸੀ 
ਜਿਹੜੀ ਕਾਂਗਰਸ ਦਾ ਮੁਕਾਬਲਾ ਕਰ ਸਕਦੀ। ਪਰ 1962 ਵਿਚ ਆਕੇ ਇਸ ਵਿਚ ਬਹੁਤ ਵੱਡੀ ਕੰਟਰਾਡਿਕਸ਼ਨ ਪਈ ਹੋ ਗਈ ਜਿਹੜੀ ਕਿ ਮੇਰੇ ਖਿਆਲ ਮੁਤਾਬਕ ਕੋਈ ਸਿਆਸੀ ਕੰਟਰਾਡਿਕਸ਼ਨ ਨਹੀਂ ਸੀ। ਉਹ ਵਿਅਕਤੀਗਤ ਕੰਟਰਾਡਿਕਸ਼ਨ ਸੀ। ਮੈਂ ਵੀ ਇਕ ਵਿਦਿਆਰਥੀ ਦੇ ਤੌਰ ਤੇ ਉਸ ਵਕਤ ਪਾਰਟੀ ਦੀ ਪੂਰੀ ਸਪੋਰਟ ਕਰਦਾ ਸੀ। ਰੂਸ ਵੀਅਤਨਾਮ ਦੇ ਕੰਪੂਚੀਆ ਤੇ, ਪਹਿਲਾਂ ਚੀਨ ਦੇ ਵੀਅਤਨਾਮ ਤੇ ਹਮਲੇ ਨਾਲ ਦੋਵੇਂ ਪਾਰਟੀਆਂ ਇਕੋ ਸੁਰ ਨਾਲ ਬੋਲਣ ਲੱਗ ਪਈਆਂ ਇਸ ਤੋਂ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਰਿਹਾ ਸੱਜੀ ਖੱਬੀ ਪਾਰਟੀ ਬਾਰੇ। ਮੈਂ ਤਾਂ ਸਮਝਦਾ ਹਾਂ ਕਿ ਇਹਨਾਂ ਦੋਹਾਂ ਦਾ ਸਰਕਾਰ ਬਾਰੇ ਜਮਾਤੀ ਨਿਰਣਾ ਇਕ ਹੈ। ਤੇ ਜਿਹੜੀ ਇਹਨਾਂ ਦੀ ਇਨਕਲਾਬ ਬਾਰੇ ਅਪਰੋਚ ਹੈ ਉਸ ਢੰਗ ਨਾਲ ਹਿੰਦੋਸਤਾਨ ਵਿਚ ਇਨਕਲਾਬ ਆ ਹੀ ਨਹੀਂ ਸਕਦਾ। ਕਿਉਂਕਿ ਤੀਹ ਸਾਲ ਹੋ ਗਏ ਹਨ। ਅਸੀਂ ਵਿਸ਼ਾਲ ਮੋਰਚਾ ਬਣਿਆ - ਜਨਤਾ ਪਾਰਟੀ ਬਣੀ, ਆਂਧਰਾ ਦੀ ਤਿਲੰਗਾਨਾ ਦੀ ਸੁਦਾਈਂ ਬਣੀ ਤੇ ਇਕੱਠੇ ਲੋਕ ਸ਼ਾਮਿਲ ਹੋਏ। ਮੈਂ ਸਮਝਦਾ ਹਾਂ ਕਿ ਕੋਈ ਇਕੋ ਪਾਰਟੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਹੈ। ਜਿਹੜੀ 1969 ਵਿਚ ਹੋਂਦ ਵਿਚ ਆਈ। ਉਹਦੇ ਨਾਲ ਬਾਕੀ ਰਵਾਇਤੀ ਲੋਕ ਲਹਿਰੀ ਸਮਾਜ ਦਾ ਦਸਤਾ ਵੱਖਰਾ ਨਹੀਂ ਸ਼ਾਮਿਲ ਹੋਏ। ਇਕੋ ਇਕੋ ਇਕ ਰਾਹ ਹੈ ਜਿਸ ਦੇ ਨਾਲ ਹਿੰਦੋਸਤਾਨ ਦੇ ਲੋਕ ਮੁਕਤੀ ਪ੍ਰਾਪਤ ਕਰ ਸਕਦੇ ਹਨ।

**ਸਾਧੂ:** ਨਕਸਲਬਾੜੀ ਲਹਿਰ ਦੇ ਨਾਲ ਸੰਗਠਿਤ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਜਿਹੜੀ ਕਿ ਕਈ ਟੋਟੇ ਟੋਟੇ ਧੜਿਆਂ ਵਿਚ ਵੰਡੀ ਜਾ ਚੁੱਕੀ ਸੀ। ਉਸ ਦੀ ਅੱਜ ਕੱਲ ਕੀ ਪੁਜ਼ੀਸ਼ਨ ਹੈ? ਕੀ ਉਹ ਇਕ ਦੂਜੇ ਦੇ ਨੇੜੇ ਆ ਰਹੇ ਹਨ?

**ਉਦਾਸੀ:** ਦੇਖੋ ਜਿਹੜੇ ਆਪਣੇ ਆਪ ਨੂੰ ਮਾਰਕਸਵਾਦੀ-ਲੈਨਿਨਵਾਦੀ ਗਰੁੱਪ ਕਹਾਉਂਦੇ ਹਨ ਅਸੀਂ ਤਾਂ ਅਸਲ ਵਿਚ ਇਹਨਾਂ ਨੂੰ ਗਰੁੱਪ ਵਗੈਰਾ ਹੀ ਨਹੀਂ। 1969 ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਬਣੀ ਸੀ। ਜਿਹੜੀ ਲਗਾਤਾਰ ਹਰ ਕਿਸਮ ਦੀ ਜਮਾਤੀ ਤੇ ਸਿਆਸੀ ਵਿਰੋਧਤਾ ਹੋਣ ਦੇ ਬਾਵਜੂਦ ਹਰ ਕਿਸਮ ਦੇ ਤਸ਼ੱਦਦ ਹੋਣ ਦੇ ਬਾਵਜੂਦ ਵੀ ਕਾਇਮ ਰਹੀ ਹੈ। ਤੇ ਇਹ ਕਈ ਤਰ੍ਹਾਂ ਦੇ ਅਸਰ ਆ ਜਾਂਦੇ ਹਨ ਜੋ ਵੱਖਰੇ ਵੱਖਰੇ ਗਰੁੱਪ ਬਣਾ ਲੈਂਦੇ ਹਨ। ਮੈਂ ਇਹ ਸਮਝਦਾ ਹਾਂ ਪਈ ਭਾਵੇਂ ਉਹ ਵੱਖੋ ਵੱਖਰੇ ਹੀ ਹਨ ਪਰ ਜਿਹੜਾ ਉਹਨਾਂ ਦਾ ਸਰਕਾਰ ਬਾਰੇ ਨਿਰਣਾ ਹੈ ਉਹ ਇਕ ਹੈ। ਤੇ ਜਿਹੜਾ ਇਨਕਲਾਬ ਵਿਆਉਂਤ ਬਾਰੇ ਨਿਰਣਾ ਹੈ ਉਹ ਵੀ ਇਕ ਹੈ। ਤੇ ਪਾਰਟੀ ਇਕਜੁੱਟ ਹੋਣ ਵੱਲ ਵਧ ਰਹੀ ਹੈ। 24 ਜੂਨ ਦੀ ਟ੍ਰਿਬਿਊਨ ਦੇ ਬਾਅਦ ਪਾਰਟੀ ਦੇ ਦੋ ਵੱਡੇ ਗਰੁੱਪਾਂ P.C.C ਤੇ C.O.C. ਉਹਨਾਂ ਦੀ ਇਕੱਠੀ ਸਟੇਟਮੈਂਟ ਆਈ ਹੈ, ਤਾਜ਼ਾ ਉਹ ਪੜ੍ਹ ਲੈਣੀ ਚਾਹੀਦੀ ਹੈ। ਇਹ ਹੀ ਪਾਰਟੀ ਦੇ ਦੋ ਵੱਡੇ ਗਰੁੱਪ ਸੀ। ਤੇ ਉਹ ਰਲ ਇਕੱਠੇ ਹੋ ਰਹੇ ਹਨ। ਤੇ ਇਹ ਇਕ ਬਹੁਤ ਵਧੀਆ ਆਸਾਰ ਹੈ। ਤੇ ਬਾਕੀ ਦੇ ਜਿਹੜੇ ਛੋਟੇ ਛੋਟੇ ਗਰੁੱਪ ਹਨ ਉਹ ਵੀ ਹੌਲੀ ਹੌਲੀ ਨਾਲ ਆ ਜਾਣਗੇ। ਪਾਰਟੀ ਜਦੋਂ ਕਿਸੇ ਐਕਸ਼ਨ ਵਿਚ ਪਏਗੀ ਤੇ ਉਹ ਆਪ ਹੀ ਸਾਬਤ ਕਰ ਦੇਵੇਗੀ।

**ਸਾਧੂ:** ਹਿੰਦੁਸਤਾਨ ਦੇ ਇਨਕਲਾਬ ਵਿਚ ਬਾਹਰਲੀਆਂ ਤਾਕਤਾਂ ਜਿਵੇਂ ਰੂਸ, ਅਮਰੀਕਾ ਚੀਨ ਤੇ ਹੋਰ, ਉਹ ਕਿਸ ਕਿਸਮ ਦਾ ਰੋਲ ਅਦਾ ਕਰ ਰਹੀਆਂ ਹਨ?

**ਉਦਾਸੀ:** ਦੇਖੋ ਇਹ ਇਕ ਬਹੁਤ ਵੱਡਾ ਤੇ ਔਖਾ ਸਵਾਲ ਹੈ। ਇਸ ਦਾ ਜਵਾਬ ਦੇਣ ਲਈ ਲੰਮੇ ਸਮੇਂ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਸ ਦੇਸ਼ ਹਿੰਦੁਸਤਾਨ ਦੇ ਇਨਕਲਾਬ ਨੂੰ ਜਿੰਨੀ ਦੇਰ ਅਮਰੀਕਾ ਤੇ ਰੂਸ ਨਾ ਰੋਕ ਰਹੇ ਹਨ ਉਨਾ ਹੀ ਸੁਚੇਤ ਚੀਨ ਕਰ ਰਿਹਾ ਹੈ, ਇਹ ਮੇਰਾ ਸੰਖੇਪ ਰੂਪ ਵਿਚ ਜਵਾਬ ਹੈ ਇਸ ਸਵਾਲ ਬਾਰੇ।

**ਸਾਧੂ:** ਮਾਓ ਬਾਰੇ ਤੁਹਾਡਾ ਕੀ ਵਿਚਾਰ ਹੈ? ਖ਼ਾਸ ਕਰ ਉਸਦੇ ਮਰਨ ਬਾਅਦ ਉਸਦੀ ਵਿਚਾਰਧਾਰਾ ਨੂੰ ਪੂਰਨ ਤੌਰ ਤੇ ਗ਼ਲਤ ਸਾਬਤ ਕਰ ਰਹੇ ਹਨ?

**ਉਦਾਸੀ:** ਮੇਰੇ ਮਨ ਵਿਚ ਤੇ ਮੇਰੀ ਜਥੇਬੰਦੀ ਦੇ ਮਨ ਵਿਚ ਵਿਚਾਰ ਇਹ ਹੈ ਕਿ ਮਾਓ-ਵਿਚਾਰਧਾਰਾ ਇਸ ਦੇਸ਼ ਦੁਨੀਆਂ ਦੀ ਸਭ ਤੋਂ ਵਧੀਆ ਵਿਚਾਰਧਾਰਾ ਹੈ ਤੇ ਉਸ ਨਾਲ ਹੀ ਦੁਨੀਆਂ ਦਾ ਕਲਿਆਣ ਹੋ ਸਕਦਾ ਹੈ। ਹੋਰ ਪਾਰਟੀ ਬਾਰੇ - ਜਿਵੇਂ ਤਾਂਈ ਚਾਈਨਾ ਦੀ ਪਾਰਟੀ ਹੈ - ਉਹ ਇਕ ਬਹੁਤ ਵੱਡੀ ਤੇ ਬਹੁਤ ਦੂਰੋਂ ਤਜਰਬੇ ਚੋਂ ਨਿਕਲੀ ਹੋਈ ਤੇ ਤਪੀ ਹੋਈ ਪਾਰਟੀ ਹੈ। ਬਾਕੀ ਜਿਹੜੇ ਲੋਕ ਆਸੇ ਪਾਸੇ ਬੈਠੇ ਹਨ ਕਈ ਖੱਬੇ ਬੈਠੇ ਹਨ ਕਈ ਸੱਜੇ ਬੈਠੇ ਹਨ; ਉਨ੍ਹਾਂ ਦੇ ਮੇਰਾ ਖਿਆਲ ਹੈ ਕਦੀ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਇਨਕਲਾਬ ਦੀ ਗੱਲ ਨਹੀਂ ਸੋਚੀ ਤੇ ਨਾ ਹੀ ਉਹ ਕਰ ਸਕੇ ਹਨ। ਹਾਂ, ਇਹ ਗੱਲ ਹੈ ਕਿ ਪਾਰਟੀ ਵਿਚ ਕਦੇ ਖੱਬੇ ਉਲਾਰ ਆ ਜਾਂਦੇ ਹਨ ਤੇ ਕਦੀ ਸੱਜੇ। ਜਿਵੇਂ ਪੈਦਾਵਾਰ ਵੱਧ ਰਹੀ ਹੈ ਜਾਂ ਪੈਦਾਵਾਰੀ ਸ਼ਕਤੀਆਂ ਨੂੰ ਵਧਾਉਣਾ ਹੈ। ਇਹਦੇ ਬਾਰੇ ਕੰਟਰਾਡਿਕਸ਼ਨ ਚਲ ਰਹੀ ਹੈ - 'ਥਰਡ ਵਰਲਡ' ਬਾਰੇ ਕੰਟਰਾਡਿਕਸ਼ਨ ਚਲ ਰਹੀ ਹੈ। ਜੇ ਅਸੀਂ ਗੌਰ ਕਰੀਏ ਤਾਂ ਕਿ ਕਈ ਵਾਰੀ ਕਮਿਊਨਿਸਟ-ਪਾਰਟੀ ਆਫ ਚਾਈਨਾ ਵਿਚ ਜਾਂ ਮਾਓ-ਵਿਚਾਰਧਾਰਾ ਦੇ ਵਿਚ- ਮਾਓ ਵਿਚਾਰਧਾਰਾ ਵਿਚ ਤਾਂ ਨਹੀਂ- ਪਰ ਪਾਰਟੀ ਵਿਚ ਕਈ ਵਾਰ ਸੱਜਾ ਤੇ ਖੱਬਾ ਉਲਾਰ ਆਇਆ। ਇਕ ਵਿਅਕਤੀ ਦੇਸ਼ ਖੱਬਾ ਉਲਾਰ ਆਇਆ ਤੇ ਇਸ ਤਰ੍ਹਾਂ ਦੇ ਉਲਾਰ ਆਉਂਦੇ ਰਹਿੰਦੇ ਹਨ। ਪਰ ਮੈਂ ਇਹ ਸਮਝਦਾ ਹਾਂ ਤੇ ਮੇਰੀ ਜਥੇਬੰਦੀ ਇਹ ਸਮਝਦੀ ਹੈ ਕਿ ਕਾਮਰੇਡ ਮਾਓ ਦੀ ਜਿਹੜੀ ਸੋਚ ਹੈ ਉਸਨੇ ਦੁਨੀਆਂ ਦੇ ਇਤਿਹਾਸ ਦੇ ਵਿਚ ਇਕ ਬਹੁਤ ਵੱਡੀ ਤੇ ਮਹਾਨ ਭੂਮਿਕਾ ਨਿਭਾਈ ਹੈ। ਤੇ ਕਮਿਊਨਿਸਟ ਪਾਰਟੀ ਦੇ ਜਾਂ ਦੁਨੀਆਂ ਦੇ ਇਨਕਲਾਬ ਦੇ ਇਤਿਹਾਸ ਵਿਚ, ਕਾਮਰੇਡ ਮਾਓ ਸਟਾਲਿਨ ਤੋਂ ਮਗਰੋਂ ਇਕ ਬਹੁਤ ਵੱਡਾ ਹੀਰੋ ਹੈ ਦੁਨੀਆਂ ਭਰ ਦੇ ਕਿਰਤੀਆਂ ਦਾ ਉਹ ਨੁਮਾਇੰਦਾ ਹੈ। ਦੁਨੀਆਂ ਭਰ ਦੇ ਇਨਕਲਾਬੀ ਯੋਧਿਆਂ ਦਾ ਨੁਮਾਇੰਦਾ ਹੈ।

**ਸਾਧੂ:** ਕੀ ਤੁਸੀਂ ਕਿਸੇ ਸਿਆਸੀ ਪਾਰਟੀ ਦੇ ਇਸ ਵਕਤ ਪੱਕੇ ਮੈਂਬਰ ਹੋ?

**ਉਦਾਸੀ:** ਇਹਦੇ ਬਾਰੇ ਮੈਂ ਖੁੱਲ੍ਹੇ ਤੌਰ ਤੇ ਕੁੱਝ ਨਹੀਂ ਕਹਿ ਸਕਦਾ। ਵੈਸੇ ਮੈਂ ਮਾਰਕਸਵਾਦੀ

– ਸੈਕੂਲਰਵਾਦੀ ਪਾਰਟੀ ਨੂੰ ਸਪੋਰਟ ਕਰਦਾ ਹਾਂ। ਆਪਣੀ ਕਵਿਤਾ ਰਾਹੀਂ ਵੀ ਤੇ ਉਸ ਤਰ੍ਹਾਂ ਵੀ।

**ਸਾਧੂ:** ਹਿੰਦੁਸਤਾਨ ਤੋਂ ਬਾਹਰ ਦੂਸਰੇ ਦੇਸ਼ਾਂ ਵਿਚ – ਜਿਵੇਂ ਇੰਗਲੈਂਡ, ਅਮਰੀਕਾ, ਕੈਨੇਡਾ ਵਿਚ ਬਹੁਤ ਸਾਰੀਆਂ ਅਗਾਂਹਵਧੂ ਜਥੇਬੰਦੀਆਂ ਹਨ। ਤੁਹਾਡੇ ਖਿਆਲ ਮੁਤਾਬਕ ਉਹ ਹਿੰਦੁਸਤਾਨ ਦੇ ਇਨਕਲਾਬ ਵਿਚ ਕਿਸੇ ਕਿਸਮ ਦਾ ਕੋਈ ਰੋਲ ਅਦਾ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ?

**ਉਦਾਸੀ:** ਇਤਿਹਾਸ ਨੇ ਦੁਨੀਆਂ ਨੂੰ ਇੰਨਾ ਛੋਟਾ ਕਰ ਦਿੱਤਾ ਹੈ ਕਿ ਦੁਨੀਆਂ ਦੇ ਕਿਸੇ ਹਿਸੇ ਵਿਚ ਵੀ ਕੁੱਝ ਹੋਵੇ ਉਸ ਦਾ ਅਸਰ ਹਰ ਪਾਸੇ ਹੁੰਦਾ ਹੈ। ਜਿਵੇਂ ਜੇ ਹੁਣ ਭਾਰਤ ਵਿਚ ਕਿਸੇ ਬੁੱਢੇ ਦਾ ਸਿਰ ਵੀ ਦੁਖੇ ਤਾਂ ਉਸਦੀ ਚੀਸ ਅਮਰੀਕਾ 'ਚ ਪਹੁੰਚਦੀ ਹੈ। ਇਸੇ ਤਰ੍ਹਾਂ ਹੀ ਜੇ ਦੁਨੀਆਂ ਭਰ ਦੇ ਕਿਰਤੀ ਹਨ ਜੇ ਉਹਨਾਂ ਨਹੀਂ ਜਾਗਣਗੇ ਤਾਂ ਗੱਲ ਨਹੀਂ ਬਣਦੀ। ਹੁਣ ਅਸੀਂ ਇਹ ਤਾਂ ਦਾਅਵਾ ਕਰਦੇ ਹਾਂ ਕਿ ਇਨਕਲਾਬ ਇੰਪੋਰਟ ਤੇ ਐਕਸਪੋਰਟ ਨਹੀਂ ਹੁੰਦਾ ਪਰ ਇਨਕਲਾਬ ਦੀ ਮਦਦ ਤਾਂ ਜ਼ਰੂਰ ਕੀਤੀ ਜਾ ਸਕਦੀ ਹੈ। ਜਿਵੇਂ ਬਾਹਰ ਰਹਿੰਦੇ ਇਨਕਲਾਬੀ ਵਿਚਾਰਧਾਰਾ ਵਾਲੇ ਸਾਥੀ ਹਨ ਉਹ ਹਿੰਦੁਸਤਾਨ ਦੇ ਇਨਕਲਾਬ ਲਈ ਬਹੁਤ ਕੁੱਝ ਕਰ ਸਕਦੇ ਹਨ। ਸਿਆਸੀ ਤੌਰ ਤੇ ਆਰਥਿਕ ਤੌਰ ਤੇ ਸਮਾਜਿਕ ਤੌਰ ਤੇ ਹਮਾਇਤ ਕੀਤੀ ਜਾ ਸਕਦੀ ਹੈ। ਇਨਕਲਾਬ ਦੇ ਹੱਕ ਵਿਚ ਮਤੇ ਵੀ ਪਾ ਸਕਦੇ ਹਨ। ਜਿਸ ਨੂੰ 'ਵਰਲਡ-ਕਮਿਉਨਿਟੀ' ਦਾ ਸਵਾਲ ਆਖੀਦਾ ਹੈ। ਜ਼ੁਲਮ ਤੇ ਤਸ਼ੱਦਦ ਵਿਰੁਧ ਆਵਾਜ਼ ਉਠਾ ਸਕਦੇ ਹਨ। ਇਨਕਲਾਬ ਪ੍ਰਤੀ ਦੁਨੀਆਂ ਦੀ ਹਮਦਰਦੀ ਜਿੱਤ ਸਕਦੇ ਹਨ। ਇਸ ਤਰ੍ਹਾਂ ਕਿੰਨੀ ਕਿਸਮ ਦੇ ਕੰਮ ਹਨ ਜੇ ਕਰਨੇ ਹੋਣ ਤਾਂ।

**ਸਾਧੂ:** ਅੱਛਾ ਹੁਣ ਗੱਲ ਆਪਾਂ ਸਾਹਿਤ ਦੇ ਸਿਧਾਂਤ ਬਾਰੇ ਥੋੜੀ ਵਿਸਥਾਰ ਵਿਚ ਕਰਨਾ ਚਾਹੀ ਹੈ। ਇਹਨਾਂ ਦੋਹਾਂ ਦੇ ਆਪਸੀ ਰਿਸ਼ਤੇ ਬਾਰੇ ਕੁੱਝ ਦੱਸੋ?

**ਉਦਾਸੀ:** ਤੁਹਾਡੇ ਪਹਿਲੇ ਹੀ ਇਕ ਸਵਾਲ ਵਿਚ ਇਸਦਾ ਜਵਾਬ ਦੇ ਚੁੱਕਾ ਹਾਂ। ਕੋਈ ਵੀ ਲਿਖਾਰੀ, ਉਹ ਕਦੀ ਵੀ ਗੈਰ ਸਿਆਸੀ ਨਹੀਂ ਹੁੰਦਾ। ਕੋਈ ਵੀ ਲਿਖਾਰੀ ਜਾਂ ਕੁਲਾਕਾਰ ਗੈਰ ਸਿਆਸੀ ਨਹੀਂ ਹੋ ਸਕਦਾ। ਅਗਰ ਕਿਤੇ ਆਪਾਂ ਗੱਲਬਾਤ ਕਰ ਰਹੇ ਹਾਂ ਇਹ ਵੀ ਸਿਆਸੀ ਹੈ। ਜਾਂ ਇਹ ਸਵਾਲ ਪੁੱਛਣਾ ਵੀ ਇਕ ਸਿਆਸੀ ਗੱਲ ਹੈ – ਕਿ ਸਾਹਿਤ ਤੇ ਸਿਆਸਤ ਦੇ ਸੁਮੇਲ ਨੂੰ ਮੈਂ ਕੀ ਸਮਝਦਾ ਹਾਂ। ਕੋਈ ਵੀ ਸਾਹਿਤ ਸਿਆਸਤ ਤੋਂ ਅਛੂਤਾ ਨਹੀਂ ਹੁੰਦਾ। ਜਿਹੜੇ ਆਮ ਤੌਰ ਤੇ ਕਹਿੰਦੇ ਆ ਪਈ ਅਸੀਂ ਤਾਂ ਲੋਕ ਗੀਤ ਗਾਉਂਦੇ ਹਾਂ ਜਾਂ ਅਸੀਂ ਤਾਂ ਗੈਰ ਸਿਆਸੀ ਹੁੰਦੇ ਹਾਂ ਉਹ ਵੀ ਇਕ ਸਿਆਸਤ ਹੁੰਦੀ ਹੈ। ਉਹ ਲੱਚਰ ਗੀਤ ਗਾਕੇ ਕਿਹਦੀ ਪੂਜਾ ਕਰਦੇ ਹਨ? ਦੋ ਹੀ ਸਾਹਿਤ ਹੁੰਦੇ ਹਨ ਜਾਂ ਲੋਕਾਂ ਦਾ ਜਾਂ ਜੋਕਾਂ ਦਾ। ਲੋਕ ਪੱਖੀ ਜਾਂ ਲੋਕ ਵਿਰੋਧੀ। ਤੇ ਇਹ ਦੋਵੇਂ ਦੋਵੇਂ ਹੱਥ ਸਿਆਸਤਾਂ ਹਨ। ਇਕ ਲੋਕ ਪੱਖੀ ਤੇ ਇਕ ਲੋਕ ਵਿਰੋਧੀ। ਜੋ ਕੋਈ ਵੀ ਆਪਣੇ ਆਪ ਨੂੰ ਨਿਰਪੱਖ ਨਹੀਂ ਕਹਿ ਸਕਦਾ। ਆਮ ਕਰ ਜਿਵੇਂ ਲੁਟੇਰਿਆਂ ਤੇ ਲੁੱਟੇ ਜਾ ਰਹੇ ਲੋਕਾਂ ਵਿਚ ਬਹੁਤ ਵੱਡਾ ਪਾੜਾ ਵੱਧ ਗਿਆ ਹੋਵੇ। ਇਹ ਗੱਲ ਦੱਸਦੀ ਹੈ ਪਈ ਲਿਖਾਰੀ ਸਾਹਿਤ ਦਾ ਸਮਝਦਾ ਹੋਵੇ ਕਿ ਮੈਂ ਲੁਟੇਰੀ ਸਿਆਸਤ ਨੂੰ ਸਪੋਰਟ ਕਰ ਰਿਹਾ ਜਾਂ ਲੁੱਟੇ ਜਾਣ ਵਾਲਿਆਂ ਨੂੰ। ਉਹਨੂੰ ਇਸ ਗੱਲ ਦਾ ਪਤਾ ਹੋਵੇ ਜਾਂ ਨਾ ਪਰ ਉਹ ਇਕ ਵਿਚਾਰਧਾਰਾ ਦੀ ਇਕ ਜਮਾਤ ਦੀ ਨੁਮਾਇੰਦਗੀ ਜ਼ਰੂਰ ਕਰ ਰਿਹਾ ਹੁੰਦਾ ਹੈ। ਜਿਹੜੇ ਲੋਕ ਕਹਿੰਦੇ ਹਨ ਅਸੀਂ ਤਾਂ ਜੀ ਨਿਰੋਲ ਕਵੀ ਜਾਂ ਅਸੀਂ ਤਾਂ ਆਰਟਿਸਟ ਹਾਂ ਉਹ ਵੀ ਇਕ ਸਿਆਸਤ ਹੁੰਦੀ ਹੈ – ਉਹ ਲੋਕ ਮੌਜੂਦਾ ਸਰਕਾਰ ਨੂੰ ਬਰਕਰਾਰ ਰੱਖਣਾ ਚਾਹੁੰਦੇ ਹੁੰਦੇ ਹਨ ਤਾਂ ਕਿ ਪਰਨਾਲਾ ਉਥੇ ਦਾ ਉਥੇ ਰਹੇ। ਜਿਵੇਂ ਜੇ ਹੁਣ ਉਹ ਕਿਸੇ ਦੇਸ਼ ਭਗਤ ਦੀ ਹੀ ਦਾਸਤਾਂ ਸੁਣਾਉਣੇ ਉਹਦੇ ਨਾਲ ਜਿਹੜੇ ਹੋਏ ਹਾਲਾਤ ਜੋ ਉਹਦੇ ਬਾਰੇ ਉਹ ਵਰਣਨ ਕਰ ਦੇਣਗੇ। ਜਿਵੇਂ ਭਗਤ ਸਿੰਘ ਨਾਲ ਮੁਲਾਕਾਤ ਦੇਕੇ ਆ ਕੇ ਹੰਝੂ ਵਹਾ ਦੇਣਗੇ ਭੈਣਾਂ ਦੇ ਹੰਝੂ ਵਿਖਾ ਦੇਣਗੇ। ਪਰ ਇਹ ਨਹੀਂ ਦੱਸਣਗੇ ਕਿ ਭਗਤ ਸਿੰਘ ਸ਼ਹੀਦ ਕਿਉਂ ਹੋਇਆ ਕਿਉਂ? ਜਾਂ ਕਿਸ ਦੀ ਖਾਤਰ ਉਹ ਸ਼ਹੀਦ ਹੋਇਆ ਸੀ ਕੀ ਉਹ ਸੁਪਨਾ ਪੂਰਾ ਹੋ ਗਿਆ ਕਿ ਨਹੀਂ। ਸਾਨੂੰ ਕੀ ਕਰਨਾ ਚਾਹੀਦਾ ਹੈ, ਇਹ ਕਦੇ ਨਹੀਂ ਦੱਸਣਗੇ। ਇਹ ਫਰਕ ਹੈ। ਦਾਸਤਾਂ ਤਾਂ ਇਕ ਹੀ ਹੈ। ਕੋਈ ਤਾਂ ਇਸ ਗੱਲ ਨੂੰ ਇਸ ਤਰ੍ਹਾਂ ਕਹਿੰਦਾ ਹੈ ਕਿ "ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ ਵਤਨ ਪੇ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ"। ਗੱਲ ਕਰਨ ਵਾਲੀ ਇਹ ਹੈ ਕਿ ਭਗਤ ਸਿੰਘ ਕਿਉਂ ਸ਼ਹੀਦ ਹੋਇਆ। ਉਸਨੇ ਕਿਉਂ ਫਾਂਸੀ ਦਾ ਰੱਸਾ ਚੁੰਮਿਆ। ਉਹਨੇ ਕੀ ਵਿਚਾਰ ਪੇਸ਼ ਕੀਤੇ ਸਨ। ਜੋ ਸਾਹਿਤ ਲੋਕਾਂ ਦੇ ਹੀ ਲਿਖਦਾ ਹੈ। ਇਕ ਹੈ ਕਿ ਮੌਜੂਦਾ ਸਥਿਤੀ ਨੂੰ ਬਰਕਰਾਰ ਰੱਖਿਆ ਜਾਵੇ ਤੇ ਦੂਜਾ ਹੈ ਕਿ ਲੋਕਾਂ ਵਿਚ ਤਬਦੀਲੀ ਲਈ ਉਭਾਰ ਪੈਦਾ ਕੀਤੇ ਜਾਣ। ਜਿਹੜੇ ਕਹਿੰਦੇ ਹਨ ਕਿ ਉਹਨਾਂ ਦੇ ਸਾਹਿਤ ਨੂੰ ਸਿਆਸਤ ਤੋਂ ਅਲੱਗ ਕਰਨਾ ਹੈ ਇਹ ਬਿਲਕੁਲ ਫਜ਼ੂਲ ਗੱਲ ਹੈ। ਤੇ ਇਹ ਉਹਨਾਂ ਦਾ ਉਲ-ਜਲੂਲ ਹੈ।

**ਸਾਧੂ:** ਅੱਛਾ ਅਗਲੇ ਇਕ ਦੋ ਸਵਾਲ ਤੁਹਾਡੇ ਨਿਜੀ ਜੀਵਨ ਬਾਰੇ ਹਨ। ਪਹਿਲਾ ਹੈ ਕਿ ਤੁਹਾਡੇ ਬਾਰੇ ਇਹ ਚਰਚਾ ਸੁਣੀ ਹੈ ਕਿ ਤੁਸੀਂ ਸ਼ਰਾਬ ਪੀਣ ਦੇ ਆਦੀ ਹੋ ਗਏ ਹੋ?

**ਉਦਾਸੀ:** ਆਦੀ ਤਾਂ ਜੇਕਰ ਕੇ ਮੈਂ ਹੁੰਦਾ ਤਾਂ ਮੈਂ ਇਹ ਆਦਤ ਅੱਜ ਤਕ ਹੀ ਨਹੀਂ ਕਰ ਸਕਦਾ। ਆਦੀ ਹੋਣ ਵਾਲੀ ਤਾਂ ਇਸ ਵਿਚ ਕੋਈ ਗੱਲ ਨਹੀਂ। ਹਾਂ, ਮੈਂ ਸ਼ਰਾਬ ਪੀ ਲੈਂਦਾ ਹਾਂ ਮੈਂ ਇਸ ਗੱਲ ਤੋਂ ਮੁਨਕਰ ਨਹੀਂ ਹਾਂ। ਜਿਹੜੇ ਮੇਰੇ ਤੇ ਪੀਣ ਦਾ ਕਰੀਟੀਸਿਜ਼ਮ ਕਰਦੇ ਹਨ ਉਹ ਵੀ ਪੀਂਦੇ ਹਨ। ਬਾਕੀ ਇਹ ਗੱਲ ਹੈ ਕਿ ਕਈ ਵਾਰੀ ਇਹ ਮੇਰੀ ਜ਼ਰੂਰਤ ਵੀ ਬਣ ਜਾਂਦੀ ਹੈ। ਜਿਵੇਂ ਕਈ ਵਾਰੀ ਮੈਂ ਇੰਨਾ ਸਫ਼ਰ ਕੀਤਾ ਹੁੰਦਾ ਹੈ, ਇੰਨਾ ਥੱਕਿਆ ਹੁੰਦਾ ਹੈ ਪਈ ਨੀਂਦ ਹੀ ਨਹੀਂ ਆਉਂਦੀ ਤੇ ਜੇ ਮੈਂ ਉਸਦੀ ਖ਼ਾਤਰ ਨੀਂਦ ਦੀਆਂ ਗੋਲੀਆਂ ਖਾਵਾਂ ਜਾਂ ਕੁੱਝ ਹੋਰ ਕਰਾਂ ਤਾਂ ਉਹ ਗੱਲ ਵੱਖਰੀ ਹੈ। ਸ਼ਰਾਬ ਮੇਰੀ ਕਮਜ਼ੋਰੀ ਨਹੀਂ ਬਣ ਸਕੀ। ਇਹਦਾ ਮਤਲਬ

ਇਹ ਨਹੀਂ ਕਿ ਮੈਂ ਕਿਸੇ ਮਜ਼ਦੂਰ ਦੇ ਘਰ ਜਾਕੇ ਉਹਨੂੰ ਕਹਾਂ ਪਈ ਮੇਰੀ ਜਾਨ ਨਿਕਲਦੀ ਜਾਂਦੀ ਹੈ ਜਾਂ ਮੈਂ ਮਰਦਾ ਹਾਂ। ਇੰਝ ਕਿਸੇ ਕੋਈ ਗੱਲ ਨਹੀਂ। ਇਹ ਤਾਂ ਮੇਰੀ ਆਦਤ ਹੈ ਤੇ ਨਾ ਹੀ ਮੇਰਾ ਸ਼ੌਕ। ਉਂਞ ਮੈਂ ਸ਼ਰਾਬ ਪੀ ਲੈਂਦਾ ਹਾਂ ਅਫ਼ੀਮ ਵੀ ਖਾ ਲੈਂਦਾ ਹਾਂ।

**ਸਾਧੂ:** ਦੂਜਾ ਸਵਾਲ ਹੈ ਕਿ ਤੁਹਾਡੇ ਤੇ ਪਿਛਲੇ ਕੁੱਝ ਸਮੇਂ ਤੋਂ ਅਲੋਚਨਾ ਹੋ ਰਹੀ ਹੈ ਕਿ ਤੁਸੀਂ ਹਰ ਕਿਸਮ ਦੀ ਸਟੇਜ ਤੇ ਜਾਕੇ ਕਵਿਤਾ ਪੜ੍ਹਦੇ ਹੋ।

**ਉਦਾਸੀ:** ਹਾਂ, ਜਿਥੇ ਵੀ ਲੋਕ ਹਨ। ਜਿਥੇ ਵੀ ਲੋਕਾਂ ਦੀ ਹਾਜ਼ਰੀ ਹੈ ਉਥੇ ਸਾਨੂੰ ਆਪਣੀ ਹਾਜ਼ਰੀ ਲਗਵਾਉਣੀ ਚਾਹੀਦੀ ਹੈ। ਪਰ ਗੱਲ ਤਾਂ ਇਹ ਹੈ ਕਿ ਉਥੇ ਜਾਕੇ ਕਹਿਣਾ ਕੀ ਹੈ। ਮੈਨੂੰ ਕੋਈ ਕਿਸੇ ਵੀ ਸਟੇਜ ਤੇ ਸੱਦੇ, ਅੱਵਲ ਤਾਂ ਲੁਟੇਰੀਆਂ ਜਮਾਤਾਂ ਵਿਚ ਜੁਰਅੱਤ ਨਹੀਂ ਕਿ ਮੈਨੂੰ ਸੱਦਣ। ਜੇ ਉਹ ਸੱਦਦੇ ਵੀ ਹਨ ਤਾਂ ਵੇਖਣ ਵਾਲੀ ਗੱਲ ਹੈ ਕਿ ਮੈਂ ਉਥੇ ਜਾਕੇ ਕੀ ਬੋਲਦਾ ਹਾਂ। ਇਹ ਉਨ੍ਹਾਂ ਲੋਕਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਮੈਂ ਕਦੀ ਆਪਣੇ ਪੈਰਾਂ ਨੂੰ ਨਹੀਂ ਭੁੱਲਿਆ। ਮੈਨੂੰ ਹਮੇਸ਼ਾ ਆਪਣੀ ਬੁਨਿਆਦ ਦਾ ਖਿਆਲ ਰਹਿੰਦਾ ਹੈ। ਜਿਥੇ ਲੋਕ ਜੁੜੇ ਹਨ ਉਥੇ ਸਾਡੀ ਹਾਜ਼ਰੀ ਬਹੁਤ ਜ਼ਰੂਰੀ ਹੁੰਦੀ ਹੈ। ਮੈਨੂੰ ਕੋਈ ਵੀ ਸੱਦੇ ਮੈਂ ਉਥੇ ਜਾਂਦਾ ਹਾਂ। ਚਾਹੇ ਮੈਨੂੰ ਗੁਰਦੁਆਰੇ ਸੱਦਣ ਜਾਂ ਸਰਕਾਰ ਦੀਆਂ ਸਟੇਜਾਂ ਤੇ ਸੱਦਣ। ਜਦ ਵੀ ਕਿਤੇ ਮੈਨੂੰ ਸੱਦਿਆ ਗਿਆ ਉਥੇ ਜਾਕੇ ਮੈਂ ਲੋਕ ਪੱਖੀ ਗੱਲ ਕੀਤੀ ਹੈ। ਅਤੇ ਉਥੇ ਲੋਕਾਂ ਵਿਚ ਇੰਨਾ ਰੋਹ ਵੇਖਿਆ ਗਿਆ, ਕਿ ਦੁਸ਼ਮਣਾਂ ਨੂੰ ਕੋਈ ਸੁਣਨੇ ਨੂੰ ਤਿਆਰ ਹੀ ਨਹੀਂ ਸੀ। ਜਿਹੜੇ ਆਪਣੇ ਆਪ ਨੂੰ ਕਹਿੰਦੇ ਸੀ ਪਈ ਸਿਆਸਤ ਤੋਂ ਨਿਰਪੱਖ ਹਨ ਉਹਨਾਂ ਦੀ ਬਜਾਏ ਲੋਕ ਗੱਲ ਹੀ ਮੇਰੀ ਸੁਣਦੇ ਸਨ। ਸੋ ਮੈਂ ਨਹੀਂ ਸਮਝਦਾ ਕਿ ਮੈਂ ਕਿਸੇ ਸਟੇਜ ਦਾ ਬਾਈਕਾਟ ਕਰਨਾ ਹੈ। ਸਾਨੂੰ ਜਾਣਾ ਚਾਹੀਦਾ ਹੈ ਅਤੇ ਆਪਣੀ ਗੱਲ ਕਹਿਣੀ ਚਾਹੀਦੀ ਹੈ। ਕੀ ਉਹਨਾਂ ਥਾਵਾਂ ਤੇ ਲੋਕ ਨਹੀਂ ਹਨ ਜਿਨ੍ਹਾਂ ਤੱਕ ਅਸੀਂ ਆਪਣੀ ਗੱਲ ਪਹੁੰਚਾਉਣੀ ਹੈ। ਕਈ ਹੁਣ ਮੇਰੇ ਕੈਨੇਡਾ ਆਉਣ ਤੇ ਵੀ ਸੋਚਣਗੇ। ਸੋਚਣਗੇ ਉਹ ਤਾਂ ਹੁਣ ਕੈਨੇਡਾ ਜਾਣ ਲੱਗ ਗਿਆ ਸੀ। ਉਹ ਤਾਂ ਹੁਣ ਕੋਠੀਆਂ 'ਚ ਰਹਿੰਦਾ ਹੈ। ਇਸ ਤਰ੍ਹਾਂ ਦਾ ਕਮਿਊਨਿਜ਼ਮ ਵੀ ਆ ਜਾਂਦਾ ਹੈ। ਹੁਣ ਇਥੇ ਤਾਂ ਪ੍ਰਚਾਰ ਦਾ ਆਧਾਰ ਇਹ ਹੈ ਕਿ ਟਰੱਕ ਹੋਵੇ ਕਾਰ ਹੋਵੇ ਬੰਗਲਾ ਹੋਵੇ ਤੇ ਹੋਰ ਕਈ ਕੁੱਝ। ਹਿੰਦੁਸਤਾਨ ਵਿਚ ਇਸ ਨੂੰ ਅਮੀਰੀ ਦਾ ਰੂਪ ਦਿੱਤਾ ਜਾਂਦਾ ਹੈ। ਸੋ ਇਹ ਤਾਂ ਲੋਕਾਂ ਦੇ ਪੱਧਰ ਦੀ ਗੱਲ ਹੈ। ਆਮ ਤੌਰ ਤੇ ਜਿਹੜੇ ਇਥੇ ਇਸ ਤਰ੍ਹਾਂ ਕਮਿਊਨਿਜ਼ਮ ਕਰਦੇ ਹਨ ਉਹ ਮੈਨੂੰ ਇਸ ਲਈ ਨਹੀਂ ਕੋਸਦੇ ਕਿ ਉਹ ਚੰਗਾ ਹੋ ਗਿਆ ਜਾਂ ਖਰਾਬ ਹੋ ਗਿਆ। ਉਹ ਤਾਂ ਜਿਸ ਤਰ੍ਹਾਂ ਮੇਰੇ ਤੋਂ ਆਪਣੀ ਸਰਦਾਰੀ ਮੂਹਰੇ ਗੋਡੇ ਟਿਕਾਉਣੇ ਚਾਹੁੰਦੇ ਹਨ - ਪਈ ਉਹ ਸਾਡੀ ਈਨ ਮੰਨ ਲਵੇ। ਫੇਰ ਮੈਂ ਬਹੁਤ ਚੰਗਾ ਦੇਸ਼ ਭਗਤ ਬਣ ਜਾਵਾਂਗਾ ਤੇ ਫੇਰ ਮੇਰੇ ਵਿਚ ਕੋਈ ਨੁਕਸ ਨਹੀਂ - ਫੇਰ ਮੈਂ ਬੜਾ ਅੱਛਾ - ਚੰਗਾ ਇਨਸਾਨ ਹਾਂ। ਮੇਰੀ ਇਕ ਵਿਚਾਰਧਾਰਾ ਬਣ ਚੁੱਕੀ ਹੈ ਉਸ ਦੇ ਅਧੀਨ ਮੈਂ ਵਿਚਰਦਾ ਹਾਂ। ਆਲੋਚਕ ਜੋ ਮਰਜ਼ੀ ਕਹੀ ਜਾਣ। ਖੁਦ ਉਹਨਾਂ ਵਿਚ ਉਹ ਕਮਜ਼ੋਰੀਆਂ ਹਨ। ਉਹ ਮੇਰੀ ਇਸ ਕਮਜ਼ੋਰੀ ਨੂੰ ਫੜਕੇ ਰੌਲਾ ਪਾਉਂਦੇ ਹਨ ਜਦ ਉਹਨਾਂ ਨੂੰ ਮੇਰੀ ਕੋਈ ਕਮਜ਼ੋਰੀ ਦਿਸਦੀ ਹੀ ਨਹੀਂ।

**ਸਾਧੂ:** ਹੁਣ ਤੁਸੀਂ ਇਥੇ ਇਪਾਨਾ ਸੰਸਥਾ ਦੇ ਸੱਦੇ ਤੇ ਕੁੱਝ ਸਮੇਂ ਲਈ ਆਏ ਹੋ। ਜੇ ਤੁਹਾਨੂੰ ਇਹ ਪੁੱਛ ਹੋਵੇ ਕਿ ਤੁਸੀਂ ਆਪਣੇ ਜਿੰਨੀ ਦੇਰ ਮਰਜ਼ੀ ਤੇ ਇਥੇ ਰਹਿ ਸਕੋਂ ਤਾਂ ਕੀ ਤੁਸੀਂ ਕੈਨੇਡਾ ਰਹਿਣਾ ਪਸੰਦ ਕਰੋਗੇ ? ਜਾਂ ਵਾਪਸ ਜਾਣਾ ?

**ਉਦਾਸੀ:** ਮੈਂ ਇਥੇ 'ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ' ਜਿਸਦਾ ਛੋਟਾ ਨਾਂ 'ਇਪਾਨਾ' ਹੈ ਦੇ ਸੱਦੇ ਤੇ ਆਇਆ ਹਾਂ। ਉਹਨਾਂ ਨੇ ਮੇਰੀ ਜਥੇਬੰਦੀ ਵੱਲੋਂ ਇਜਾਜ਼ਤ ਲਈ ਹੈ ਕਿ ਮੈਂ ਦੋ ਤਿੰਨ ਮਹੀਨੇ ਇਥੇ ਰਹਿਣਾ ਹੈ, ਤੇ ਬਾਕੀ ਮੌਸਮ ਦੇ ਲਿਹਾਜ਼ ਨਾਲ ਵੀ ਤੇ ਮੇਰੇ ਘਰੇਲੂ ਕਾਰਨਾਂ ਕਰਕੇ ਵੀ ਅਤੇ ਉਥੋਂ ਦੀ ਮੇਰੇ ਜਥੇਬੰਦਕ ਕਾਰਨਾਂ ਕਰਕੇ ਵੀ ਮੈਂ ਕੈਨੇਡਾ ਰਹਿਣਾ ਪਸੰਦ ਨਹੀਂ ਕਰਦਾ। ਹੁਣ ਤਕਰੀਬਨ ਮਹੀਨਾ ਹੋ ਗਿਆ। ਮੈਨੂੰ ਇਥੇ ਆਏ ਨੂੰ ਤੇ ਮੇਰਾ ਚਿੱਤ ਬਿਲਕੁਲ ਨਹੀਂ ਲਗਦਾ। ਮੈਨੂੰ ਆਪਣਾ ਆਪਣੇ ਲੋਕ ਬਹੁਤੇ ਪਿਆਰੇ ਲਗਦੇ ਹਨ। ਆਪਣੀ ਧਰਤੀ ਲਈ ਮੈਂ ਤਰਸਿਆ ਪਿਆ ਹਾਂ। ਬਹੁਤਾ ਰਹਿਣ ਦੀ ਮੈਂ ਆਸ ਹੀ ਨਹੀਂ ਕਰਦਾ। ਮੈਂ ਤਾਂ ਕਹਿੰਦਾ ਪਈ ਜਿੰਨੀ ਮੈਨੂੰ ਇਜਾਜ਼ਤ ਮਿਲੀ ਹੈ ਇੰਨੀ ਵੀ ਮੈਂ ਮਸਾਂ ਹੀ ਪੂਰੀ ਕਰਨੀ ਹੈ। ਜਿਥੇ ਮੈਂ ਕੰਮ ਕਰਨਾ ਹੈ ਜਿਹੜੇ ਲੋਕਾਂ ਦੇ ਵਿਚ ਮੇਰਾ ਆਧਾਰ ਹੈ ਮੈਂ ਉਹਨਾਂ ਤੋਂ ਦੂਰ ਨਹੀਂ ਰਹਿਣਾ ਚਾਹੁੰਦਾ। ਬਾਕੀ ਜਿਹੜੀ ਗੱਲ ਹੈ ਕਮਾਈ ਕਰਨ ਦੀ ਜਾਂ ਆਪਣੀ ਹੈਸੀਅਤ ਵਧਾਉਣ ਦੀ ਇਹ ਗੱਲਾਂ ਮੇਰੇ ਲਈ ਨਹੀਂ। ਮੈਨੂੰ ਕੈਨੇਡਾ ਵਿਚ ਬਹੁਤ ਪਿਆਰ ਮਿਲਿਆ ਹੈ ਪਰ ਇਸ ਤੋਂ ਵੀ ਕਿਤੇ ਵੱਧ ਪਿਆਰ ਮੈਨੂੰ ਹਿੰਦੁਸਤਾਨ ਵਿਚ ਮਿਲਿਆ ਹੈ। ਮੈਨੂੰ ਆਪਣਾ ਦੇਸ਼ ਬਹੁਤ ਪਿਆਰਾ ਹੈ। ਉਸ ਨਾਲੋਂ ਵਿਛੜ ਕੇ ਮੈਂ ਬਹੁਤਾ ਚਿਰ ਨਹੀਂ ਰਹਿਣਾ ਚਾਹੁੰਦਾ। ਹੁਣ ਮੇਰਾ ਦਿਲ ਕਰਦਾ ਹੈ ਪਈ ਮੈਂ ਜਿੰਨੀ ਜਲਦੀ ਵਾਪਸ ਚਲੇ ਜਾਵਾਂ। ਮੈਨੂੰ ਉਹ ਲੋਕ ਬਹੁਤੇ ਪਿਆਰੇ ਲਗਦੇ ਹਨ।

0 0 0 0


# ਸੰਤ ਰਾਮ ਉਦਾਸੀ ਲਹੂ ਤੋਂ ਲੋਹੇ ਤੱਕ

ਦੀ ਨਵੀਂ ਕਿਤਾਬ

ਕੀਮਤ $4.50 ; ਡਾਕ ਖਰਚ 0.50 ਸੈਂਟ

ਮੰਗਵਾਉਣ ਲਈ: 5 ਡਾਲਰ ਦਾ ਚੈੱਕ ਜਾਂ ਮਨੀ ਆਰਡਰ ਹੇਠ ਲਿਖੇ ਪਤੇ 'ਤੇ ਭੇਜੋ:

IPANA, P.O. Box 69646, Stn. 'K', Vancouver, B.C., Canada, V5K 4W7

# ਖਬਰਾਂ-ਜੋ ਖਬਰਾਂ ਨਹੀਂ

## ਸ਼ਹੀਦ ਭਗਤ ਸਿੰਘ ਦੇ ਘਰ ਦੀ ਬਿਜਲੀ ਕੱਟ ਦਿੱਤੀ

ਨਵਾਂ ਸ਼ਹਿਰ, 22 ਸਤੰਬਰ (ਹਿ. ਪ)—ਇਥੋਂ 6 ਮੀਲ ਦੂਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਘਰ ਪਿੰਡ ਖਟਕੜ ਕਲਾਂ ਦੀ ਹਾਲਤ ਕਾਫੀ ਮਾੜੀ ਵੇਖਣ ਵਿਚ ਆ ਰਹੀ ਹੈ। ਉਸ ਦੇ ਘਰ ਦੀਆਂ ਕੰਧਾਂ ਡਿੱਗ ਰਹੀਆਂ ਹਨ। ਸੰਭਾਲ ਦਾ ਪ੍ਰਬੰਧ ਨਹੀਂ ਹੈ। ਇਸ ਘਰ ਵਿਚ ਪਸ਼ੂਆਂ ਦਾ ਇਲਾਜ ਕਰਨ ਲਈ ਡਿਸਪੈਂਸਰੀ ਚਲਾਈ ਜਾ ਰਹੀ ਹੈ। ਘਰ ਅੰਦਰ ਸ਼ਹੀਦੇ ਆਜ਼ਮ ਤੇ ਉਸ ਦੀ ਸਵਰਗੀ ਮਾਤਾ ਦਾ ਸਮਾਨ ਵੀ ਪਿਆ ਹੈ। ਇਸ ਵਿਚ ਲੱਗੀ ਬਿਜਲੀ ਦਾ ਬਿੱਲ 'ਪੰਜਾਬ ਮਾਤਾ' ਵਿਦਿਆਵਤੀ ਦੇ ਨਾਂ ਆਉਂਦਾ ਸੀ ਪਰ ਕਿਸੇ ਵਲੋਂ ਵੀ ਬਿੱਲ ਜਮਾ ਨਾ ਕਰਵਾਉਣ ਕਰਕੇ ਬਿਜਲੀ ਦਾ ਕੁਨੈਕਸ਼ਨ ਹੀ ਕੱਟ ਦਿਤਾ ਗਿਆ। ਇਸੇ ਤਰ੍ਹਾਂ ਖਟਕੜਕਲਾਂ ਵਿਖੇ ਸ਼ਹੀਦ ਭਗਤ ਸਿੰਘ ਮੈਮੋਰੀਅਲ ਹਾਲ ਜਿਥੇ ਸਿਹਤ ਕੇਂਦਰ ਵੀ ਹੈ ਅਤੇ ਸ਼ਹੀਦ ਦੀਆਂ ਯਾਦਾਂ ਤੇ ਚੀਜ਼ਾਂ ਸਾਂਭੀਆਂ ਹੋਈਆਂ ਹਨ ਉਸ ਦਾ ਹੁਣ ਤਕ ਬਿਜਲੀ ਦਾ ਬਿੱਲ 600 ਰੁਪਏ ਬਣਦਾ ਹੈ। ਪਤਾ ਲਗਾ ਹੈ ਕਿ ਇਸ ਮੈਮੋਰੀਅਲ ਹਾਲ ਦੇ ਕੁਨੈਕਸ਼ਨ ਕੱਟ ਜਾਣ ਦੇ ਵੀ ਹੁਕਮ ਦਿਤੇ ਜਾ ਚੁੱਕੇ ਹਨ।

(ਜੱਗ ਬਾਣੀ ਵਿਚੋਂ ਧੰਨਵਾਦ ਸਹਿਤ)

ਤਾਮਿਲ ਨਾਡੂ ਦੇ ਇਕ ਪਿੰਡ ਵਿਚ ਬੇ-ਜ਼ਮੀਨੇ ਤੇ ਪਛੱੜੇ ਵਰਗ ਦੇ ਲੋਕਾਂ ਨੂੰ ਪਸ਼ੂਆਂ ਨਾਲੋਂ ਵੀ ਮਾੜਾ ਸਮਝਿਆ ਜਾਂਦਾ ਹੈ, ਇਸ ਗੱਲ ਦਾ ਸਬੂਤ ਇਹ ਘਟਨਾ ਹੈ। ਘਟਨਾ ਅਨੁਸਾਰ 'ਸਾਲੇਮ' ਦੀ ਰਹਿਣ ਵਾਲੀ ਇਕ 15 ਸਾਲਾ ਗਰੀਬ ਪ੍ਰੀਵਾਰ ਦੀ ਲੜਕੀ "ਰਾਜਾਠੀ" ਸੀ, ਜੋ ਪਿੰਡ ਦੇ ਜਿਮੀਂਦਾਰ ਦੇ ਪਸ਼ੂ ਖੇਤਾਂ ਵਿਚ ਚਰਾ ਰਹੀ ਸੀ। ਨੇੜੇ ਤੇੜੇ ਪਾਣੀ ਨਾ ਹੋਣ ਕਰਕੇ, ਉਸ ਦਾ ਪਿਆਸ ਨਾਲ ਬੁਰਾ ਹਾਲ ਸੀ। ਪਿਆਸ ਨੂੰ ਜਰਕੇ, ਜਦੋਂ ਸ਼ਾਮ ਨੂੰ ਪਸ਼ੂ ਜਿਮੀਂਦਾਰ ਦੀ ਹਵੇਲੀ ਵਿਚ ਬੰਨ ਰਹੀ ਸੀ, ਤਾਂ ਉਸ ਦੀ ਨਜ਼ਰੀਂ ਮਿੱਟੀ ਦਾ ਇਕ ਵੱਡਾ ਸਾਰਾ ਭਾਂਡਾ ਆਇਆ, ਜਿਸ ਵਿਚ ਪਸ਼ੂਆਂ ਨੂੰ ਪਿਲਾਉਣ ਲਈ ਪਾਣੀ ਭਰਿਆ ਹੋਇਆ ਸੀ। ਉਸ ਨੇ ਪਿਆਸ ਨੂੰ ਬੁਝਾਉਣ ਲਈ ਉਸ ਵਿਚੋਂ ਪਾਣੀ ਪੀ ਲਿਆ। ਉਸ ਨੂੰ ਕੀ ਪਤਾ ਸੀ ਕਿ ਇਹ ਪਾਣੀ ਉਸ ਨੂੰ ਕਿੰਨਾ ਮਹਿੰਗਾ ਪਵੇਗਾ। ਪਸ਼ੂਆਂ ਦੇ ਭਾਂਡੇ ਵਿਚੋਂ ਪਾਣੀ ਪੀਂਦਿਆਂ ਵੇਖਕੇ, ਜਿਮੀਂਦਾਰ ਇਹ ਬਰਦਾਸ਼ਤ ਨਾ ਕਰ ਸਕਿਆ ਕਿ ਇਕ ਗਰੀਬ ਲੜਕੀ ਦਾ ਜੂਠਾ ਪਾਣੀ ਉਸ ਦੀਆਂ ਗਊਆਂ-ਮੱਝਾਂ ਪੀਣ, ਉਸ ਜਿਮੀਂਦਾਰ ਨੇ ਕੁੜੀ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦਿਤਾ। ਬਾਅਦ ਵਿਚ ਉਹ ਹਸਪਤਾਲ ਵਿਚ ਜਾ ਕੇ ਦੱਮ ਤੋੜ ਗਈ। ਲੜਕੀ ਦੇ ਪਿਤਾ ਨੇ ਪੰਚਾਇਤ ਵਿਚ ਮਸਲੇ ਨੂੰ ਉਠਾਇਆ। ਜਿਮੀਂਦਾਰ ਨੇ ਲੜਕੀ ਦਾ ਮੁੱਲ 2000 ਰੁ: ਪਾਇਆ ਜਿਸ ਨੂੰ ਲੜਕੀ ਦੇ ਪਿਤਾ ਨੇ ਲੈਣ ਤੋਂ ਸਾਫ ਇੰਨਕਾਰ ਕਰ ਦਿਤਾ।

(ਰੋਜ਼ਾਨਾ-ਅਜੀਤ)

**ਇਕ ਹੋਰ ਘਟਨਾ** :—ਕਹਿਣ ਨੂੰ ਤਾਂ ਜਾਗੀਰਦਾਰੀ ਯੁੱਧ ਖਤਮ ਹੋ ਗਿਆ ਹੈ। ਪਰ ਕਾਹਨੂੰ ! ਇਸ ਦਾ ਘਿਨਾ-ਉਣਾ ਕਿਰਦਾਰ ਅਜੇ ਵੀ ਪੰਜੇ ਗੱਡੀ ਖੜਾ ਹੈ।

ਪਿੰਡ ਤਲਵੰਡੀ ਅਬਦਰ (ਜਲੰਧਰ) ਵਿਖੇ ਇਕ ਲੈਂਡਲਾਰਡ ਨੇ 50 ਦੇ ਕਰੀਬ ਖੇਤ ਮਜਦੂਰਾਂ ਨੂੰ ਪਿਛਲੇ ਸਮਿਆਂ ਵਾਂਗ ਗੁਲਾਮ ਬਣਾ ਕੇ ਰਖਿਆ ਹੋਇਆ ਹੈ। ਇਹ ਖੇਤ ਮਜ਼ਦੂਰ ਯੂ. ਪੀ. ਅਤੇ ਬਿਹਾਰ ਤੋਂ ਰੋਜ਼ੀ ਕਮਾਉਣ ਲਈ ਪੰਜਾਬ ਆਏ ਸਨ ਅਤੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਇਕ ਲੈਂਡਲਾਰਡ ਉਨ੍ਹਾਂ ਵਿਚਾਰਿਆਂ ਨੂੰ ਪਸ਼ੂਆਂ ਵਾਂਗ ਹਿੱਕ ਲਿਆਇਆ ਸੀ।

ਕੋਈ ਢਾਈ ਮਹੀਨਿਆਂ ਦੇ ਘੋਰ ਤਸ਼ਦਦ ਤੇ ਮੁਸ਼ਕਲ ਪਿਛੋਂ ਤਿੰਨ ਮਜ਼ਦੂਰਾਂ ਖੇੜੂ, ਬੀਰਾ ਅਤੇ ਕੀਰਾ ਨੱਸਣ ਵਿਚ ਸਫਲ ਹੋ ਗਏ। ਖੇੜੂ ਸੱਤਾਂ ਦਿਨਾਂ ਦੀਆਂ ਭੁਖਾਂ ਤੇਹਾਂ ਪਿਛੋਂ ਰਾਜਪੁਰੇ ਪੁੱਜਾ ਤੇ ਉਥੋਂ ਦੀ ਕਪੜਾ ਮਿੱਲ 'ਚ ਕੰਮ ਕਰਦੇ ਸਾਥੀਆਂ ਨੂੰ ਸਾਰੀ ਵਿਥਿਆ ਸੁਣਾਈ।

ਖੇੜੂ ਹੋਰਾਂ ਨੇ ਦਸਿਆ ਕਿ ਉਨ੍ਹਾਂ ਕੋਲੋਂ ਫਾਰਮ ਤੇ ਡੰਗਰਾਂ ਵਾਂਗ ਕੰਮ ਲਿਆ ਜਾਂਦਾ ਰਿਹਾ ਹੈ। ਰਾਤ ਨੂੰ ਕਮਰੇ ਵਿਚ ਵਾੜਕੇ ਬਾਹਰੋਂ ਜਿੰਦਰਾ ਲਗਾ ਦਿੰਦੇ ਸਨ। ਰੋਟੀ ਵੀ ਰਜਵੀਂ ਨਹੀਂ ਸੀ ਦਿਤੀ ਜਾਂਦੀ। ਪੀਣ ਲਈ ਪਾਣੀ ਇਸ ਕਰਕੇ ਘਟ ਦਿੰਦੇ ਸਨ ਕਿ ਰਾਤ ਨੂੰ ਪਿਸ਼ਾਬ ਕਰਨ ਦੇ ਬਹਾਨੇ ਬਾਹਰ ਨਾ ਭੱਜ ਜਾਣ ਸਵੇਰੇ ਕੇਵਲ ਪੰਜਾਂ ਮਿੰਟਾਂ ਵਿਚ ਉਠਕੇ ਤਿਆਰ ਹੋਣ ਤੇ ਕੰਮ ਸ਼ੁਰੂ ਕਰਨ ਲਈ ਕਿਹਾ ਜਾਂਦਾ। ਜੇ ਕੋਈ ਵੀ ਖੇਤ ਮਜ਼ਦੂਰ ਹੀਲ ਹੁਜੱਤ ਕਰਦਾ ਸੀ, ਤਾਂ ਲੈਂਡਲਾਰਡ ਕੁੱਟਣ ਲੱਗ ਪੈਂਦੇ ਸਨ। ਇਕ ਫਾਰਮ ਤੋਂ ਦੂਸਰੇ ਫਾਰਮ ਤੇ ਮਜ਼ਦੂਰਾਂ ਨੂੰ ਰਾਤ ਨੂੰ ਟਰੈਕਟਰ ਵਿਚ ਬਿਠਾਕੇ ਹਥਿਆਰਬੰਦ ਬੰਦੇ ਲੈ ਜਾਂਦੇ ਸਨ। ਪਹਿਲਾਂ ਆਲੂਆਂ ਦੀ ਪੁਟਾਈ ਚਲਦੀ ਰਹੀ, ਫਿਰ ਕਣਕ ਦੀ ਵਾਢੀ ਤੇ ਕਢਾਈ ਦਾ ਕੰਮ ਲਿਆ।

ਤਿੰਨਾਂ ਮਜ਼ਦੂਰਾਂ ਨੇ ਦਸਿਆ ਕਿ ਢਾਈ ਮਹੀਨਿਆਂ ਵਿਚ ਲੈਂਡਲਾਰਡ ਨੇ ਉਨ੍ਹਾਂ ਨੂੰ ਇਕ ਵਾਰ ਵੀ ਨਹਾਉਣ ਦੀ ਇਜਾਜ਼ਤ ਨਹੀਂ ਦਿਤੀ। ਜਦੋਂ ਕਦੀ ਮਜ਼ਦੂਰੀ ਜਾਂ ਆਰਾਮ ਕਰਨ ਦੀ ਉਹ ਮੰਗ ਕਰਦੇ, ਤਾਂ ਉਨ੍ਹਾਂ ਦੀ ਅੰਨੇਵਾਹ ਪਿਟਾਈ ਕੀਤੀ ਜਾਂਦੀ। ਸਾਰੇ ਮਜ਼ਦੂਰਾਂ 'ਚ ਡਰ ਤੇ ਦਹਿਲ ਛਾਇਆ ਰਹਿੰਦਾ ਸੀ। ਉਨ੍ਹਾਂ ਕਿਹਾ ਕਿ ਲੈਂਡਲਾਰਡ ਵੀ ਕੁਟਦਾ ਹੁੰਦਾ ਸੀ ਤੇ ਉਸ ਦੀ ਪਤਨੀ ਜਿਹਨੂੰ ਸਾਰੇ ਹੀ "ਮਾਤਾ ਜੀ" ਆਖਦੇ ਸਨ, ਵੀ ਦੋਹੀਂ ਹਥੀਂ ਕੁੱਟਣ ਲੱਗ ਜਾਂਦੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਅਜੇ ਹੋਰ ਮਜ਼ਦੂਰ ਵੀ ਤਲਵੰਡੀ ਅਬਦਰ ਵਿਖੇ ਜਾਗੀਰਦਾਰ ਦੇ ਕਬਜ਼ੇ ਵਿਚ ਨਰਕ ਭਰਿਆ ਜੀਵਨ ਜੀਉ ਰਹੇ ਹਨ।

(ਪੰਜਾਬੀ ਟ੍ਰਿਬਿਊਨ

***PAUL'S PLUMBING & ELECTRICAL SUPPLY***

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਉਪ ਪਾਲ ਵਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਓ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver • 872-3118**
**Open Sunday — Parking at rear.**

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

# 327-0295

5125 VICTORIA
DRIVE VANCOUVER

# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST.**
**VANCOUVER, B.C. V5W 2V5**

**YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!**

**Gurpiar Romana**

**Bus.: 859-7636**
**Res.: 853-8783**



ਹਰ ਤਰ੍ਹਾਂ ਦੀ ਜਾਇਦਾਦ
ਖਰੀਦਣ ਜਾਂ ਬਦਲ ਵੇਚਣ
ਲਈ
ਗੁਰਪਿਆਰ ਰੋਮਾਣਾ
ਨੂੰ ਸੇਵਾ ਦਾ ਮੌਕਾ ਦਿਓ।

wall & redekop realty

105/33119 South Fraserway, Abbotsford V2S 2B1

# ਤੀਜੀ ਸਰਬ-ਬ੍ਰਿਟਾਨੀਆ ਪੰਜਾਬੀ ਲੇਖਕ ਕਾਨਫਰੰਸ — ਰੀਪੋਰਟ

ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬਰਟਨ ਦੀ ਰੀਡਿੰਗ ਬ੍ਰਾਂਚ ਨੇ 22 ਅਤੇ 23 ਸਤੰਬਰ 1979 ਨੂੰ ਤੀਜੀ ਸਰਬ-ਬ੍ਰਿਟਾਨੀਆ ਪੰਜਾਬੀ ਲੇਖਕ ਕਾਨਫਰੰਸ ਦਾ ਆਯੋਜਨ ਕਰਕੇ ਇੰਗਲੈਂਡ ਦੇ ਸਾਰੇ ਲੇਖਕਾਂ ਨੂੰ ਇਕ ਸਾਂਝੇ ਮੰਚ ਉਤੇ ਇਕੱਠੇ ਹੋ ਕੇ ਜ਼ਿੰਦਗੀ ਅਤੇ ਸਾਹਿਤ ਦੇ ਬਹੁਤ ਹੀ ਮਹੱਤਵ ਪੂਰਨ ਵਿਸ਼ਿਆਂ ਉਤੇ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਪ੍ਰਦਾਨ ਕੀਤਾ।

ਪਹਿਲਾ ਸਮਾਗਮ — ਅਵਤਾਰ ਸਾਦਿਕ ਨੇ 'ਇੰਗਲੈਂਡ ਵਿਚ ਏਸ਼ੀਅਨ ਪੀੜ੍ਹੀ ਦੇ ਮਸਲੇ' ਦਾ ਪਰਚਾ ਸੈਂਟ ਸਿਲਵਰ ਰੋਡ ਹਾਲ, ਰੀਡਿੰਗ ਵਿਖੇ ਪੂਰੇ ਇੱਕ ਵਜੇ ਪੜ੍ਹਨਾ ਸ਼ੁਰੂ ਕੀਤਾ। ਇਸ ਸਮੇਂ ਇੰਗਲੈਂਡ ਦੇ ਸਾਰੇ ਸ਼ਹਿਰਾਂ ਵਿਚੋਂ ਲੇਖਕ-ਜਨ ਪਹੁੰਚ ਜਾਣ ਕਾਰਨ ਹਾਲ ਵਿਚ ਗਹਿਮਾ-ਗਹਿਮ ਹੋ ਗਈ ਸੀ। ਪਰਚੇ ਉਤੇ ਭਰਪੂਰ ਬਹਿਸ ਹੋਈ। ਬਹਿਸ ਦਾ ਆਰੰਭ ਨਿਰੰਜਨ ਸਿੰਘ ਨੂਰ ਨੇ ਕੀਤਾ। ਸ੍ਰੀ ਗੁਰਦਿਆਲ ਸਿੰਘ ਮੋਮਣ ਜੋ ਕਿ ਭਾਰਤ ਤੋਂ ਇੰਗਲੈਂਡ ਆਏ ਹੋਏ ਸਨ ਅਤੇ ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਸਨ ਨੇ ਪਰਚੇ ਉਤੇ ਟਿੱਪਣੀਆਂ ਸਭ ਨੂੰ ਸੁਝਾਅ ਦਿੱਤਾ ਕਿ ਉਹ ਘਰ ਵਿਚ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕਰਿਆ ਕਰਨ। ਸ਼ੰਕਰ ਜੈਸੀਲਾ ਨੇ ਲੜਕੀਆਂ ਨੂੰ ਹਰ ਖੇਤਰ ਵਿਚ ਲੜਕਿਆਂ ਦੇ ਬਰਾਬਰ ਦਾ ਸਨਮਾਨ ਦੇਣ ਦਾ ਸੁਝਾਅ ਦਿੱਤਾ। ਸੁਰਜੀਤ ਸਿੰਘ ਖਾਲਸਾ ਅਤੇ ਮਾਸਟਰ ਪ੍ਰੇਮ ਸਿੰਘ ਨੇ ਨੌਜਵਾਨ ਪੀੜ੍ਹੀ ਦੇ ਦਰਪੇਸ਼ ਮਸਲਿਆਂ ਉਤੇ ਬੜੇ ਜ਼ਰੂਰੀ ਨੁਕਤੇ ਉਠਾਏ ਅਤੇ ਕਿੰਨੇ ਸੁਝਾਅ ਦਿੱਤੇ। ਤਰਸੇਮ ਨੀਲਗਿਰੀ, ਪ੍ਰਕਾਸ਼ ਆਜ਼ਾਦ ਅਤੇ ਨਿਰੰਜਨ ਸਿੰਘ ਨੂਰ ਨੇ ਜ਼ੋਰ ਦਿੱਤਾ ਕਿ ਨੌਜਵਾਨ ਪੀੜ੍ਹੀ ਦਾ ਆਪਣੀ ਬੋਲੀ, ਸਭਿਆਚਾਰ, ਇਤਿਹਾਸ ਅਤੇ ਸਾਹਿਤ ਨਾਲ ਨਾਤਾ ਜੋੜਨ ਦੇ ਉਦਮ ਹੋਣੇ ਲਾਜ਼ਮੀ ਹਨ। ਇਸ ਪਿਛੋਂ ਅਵਤਾਰ ਸਾਦਿਕ ਨੇ ਬਹਿਸ ਵਿਚੋਂ ਉਪਜਦੇ ਸਵਾਲਾਂ ਦੇ ਉੱਤਰ ਦਿੱਤੇ। ਇਸ ਸਮਾਗਮ ਦੀ ਪ੍ਰਧਾਨਗੀ ਦਰਸ਼ਨ ਸਿੰਘ ਧੀਰ ਅਤੇ ਮੰਚ ਸਕੱਤਰੀ ਮੁਸ਼ਤਾਕ ਸਿੰਘ ਨੇ ਕੀਤੀ।

ਦੂਜਾ ਸਮਾਗਮ — ਪੂਰੇ ਸੱਤ ਵਜੇ ਸ਼ਾਮ ਨੂੰ ਏਸੇ ਹਾਲ ਵਿਚ ਕਵੀ ਦਰਬਾਰ ਸ਼ੁਰੂ ਹੋਇਆ। ਕਵੀ ਦਰਬਾਰ ਤੋਂ ਪਹਿਲਾਂ ਗੁਰਨਾਮ ਢਿੱਲੋਂ ਜਨਰਲ ਸਕੱਤਰ ਨੇ ਸਭਾ ਦੀਆਂ ਪਿਛਲੀਆਂ ਸਰਗਰਮੀਆਂ ਦੀ ਰੀਪੋਰਟ ਪੜ੍ਹੀ ਅਤੇ ਭਾਰਤ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਤੋਂ ਪੁੱਜੇ ਸ਼ੁਭ ਸੰਦੇਸ਼ ਪੜ੍ਹ ਕੇ ਸੁਣਾਏ। ਇਤਨੀ ਦੇਰ ਨੂੰ ਸਾਰਾ ਹਾਲ ਸਰੋਤਿਆਂ ਨਾਲ ਭਰ ਚੁੱਕਾ ਸੀ। ਕਵੀ ਦਰਬਾਰ ਮੁਸ਼ਤਾਕ ਸਿੰਘ ਦੀ ਗ਼ਜ਼ਲ ਨਾਲ ਸ਼ੁਰੂ ਹੋਇਆ। ਪਿਛੋਂ ਅਵਤਾਰ ਸਾਦਿਕ, ਸ਼ੰਕਰ ਜੈਸੀਲਾ, ਰਘਬੀਰ ਢੰਡ, ਰਾਜ ਪੇਤੀ, ਗੁਰਚਰਨ ਅੰਮ੍ਰਿਤ, ਪ੍ਰਕਾਸ਼ ਆਜ਼ਾਦ, ਕੇਸਰ ਰਾਮਪੁਰੀ, ਨਿਰੰਜਨ ਸਿੰਘ, ਮਹਿਮੂਦ ਨਦੀਮ ਆਦਿ ਨੇ ਬੜੇ ਖ਼ੂਬਸੂਰਤ ਅੰਦਾਜ਼ ਵਿਚ ਆਪਣੀਆਂ ਕਵਿਤਾਵਾਂ ਪੜ੍ਹੀਆਂ ਜੋ ਸਭ ਨੇ ਬਹੁਤ ਪਸੰਦ ਕੀਤੀਆਂ।

ਇਸ ਪਿਛੋਂ ਪਾਕਿਸਤਾਨ ਤੋਂ ਆਏ ਨੌਜਵਾਨ ਕਵੀ ਆਬਿਦ ਸ਼ਾਕਰ ਨੇ ਦੋ ਕਵਿਤਾਵਾਂ ਪੜ੍ਹੀਆਂ। ਜਿਹਨਾਂ ਨਾਲ ਪੱਛਮੀ ਪੰਜਾਬ ਅਤੇ ਪੂਰਬੀ ਪੰਜਾਬ ਦਾ ਸੁਮੇਲ ਹੋ ਗਿਆ। ਨਿਰੰਜਨ ਸਿੰਘ ਨੂਰ ਨੇ ਆਪਣੀ ਕਵਿਤਾ ਨਾਲ ਖੂਬ ਰੰਗ ਬੰਨ੍ਹਿਆ। ਗੁਰਦੀਪ ਕੌਰ ਗਿੱਲ ਨੇ ਬੜੀ ਦਰਦ-ਭਰੀ ਆਵਾਜ਼ ਨਾਲ ਗੀਤ ਗਾਇਆ। ਵਕਤ ਦੀ ਘਾਟ ਕਾਰਨ ਕਈ ਕਈ ਕਵਿਤਾ ਨਾ ਪੜ੍ਹ ਸਕੇ ਪਰ ਉਹਨਾਂ ਨੇ ਰਾਤ ਨੂੰ ਪਾਏ ਸਮੇਂ ਖੂਬ ਰੰਗ ਬੰਨ੍ਹਿਆ। ਹਰਬਚਨ ਦਰਦੀ, ਪ੍ਰਕਾਸ਼ ਕੌਰ ਸੱਗੂ, ਸੁਰਜੀਤ ਸਿੰਘ ਖਾਲਸਾ, ਮੋਹਣ ਢਿੱਲੋਂ ਅਤੇ ਤਰਸੇਮ ਸੱਲ ਨੇ ਵੀ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਰਾਤ ਗਿਆਰਾਂ ਵਜੇ ਤੱਕ ਚਲਦਾ ਰਿਹਾ। ਕਵੀ ਦਰਬਾਰ ਦੀ ਪ੍ਰਧਾਨਗੀ ਹਰਜੀਤ ਦੇਵਗੀਆ ਅਤੇ ਮੰਚ ਸਕੱਤਰੀ ਸੰਤੋਖ ਸਿੰਘ ਸੰਤੋਖ ਨੇ ਕੀਤੀ।

ਤੀਜਾ ਸਮਾਗਮ :- ਇਹ ਸਮਾਗਮ 23 ਸਤੰਬਰ ਨੂੰ ਸਵੇਰ ਦੇ ਦਸ ਵਜੇ ਸ਼ੁਰੂ ਹੋਇਆ। ਰਘਬੀਰ ਢੰਡ ਨੇ 'ਮਾਰਕਸਵਾਦ ਅਤੇ ਸਾਹਿਤ ਦਾ ਰੂਪਕ ਪੱਖ' ਦਾ ਪਰਚਾ ਪੜ੍ਹਿਆ ਜਿਸ ਉਤੇ ਖੂਬ ਬਹਿਸ ਹੋਈ। ਨਿਰੰਜਨ ਸਿੰਘ ਨੂਰ ਦਾ ਮੱਤ ਸੀ ਕਿ ਸਾਹਿਤ ਵਿਚ ਜਾਣ ਬੁੱਝ ਕੇ ਚੇਟਕਤਾ ਭਰਨ ਨਾਲ ਰੂਪਕ ਪੱਖ ਬਲਵਾਨ ਨਹੀਂ ਹੋ ਸਕਦਾ। ਮੁਸ਼ਤਾਕ ਸਿੰਘ ਦਾ ਖ਼ਿਆਲ ਸੀ ਕਿ ਪਰਚੇ ਵਿਚ ਵਰਤੀ ਗਈ ਸ਼ਬਦਾਵਲੀ ਦੀ ਵਿਆਖਿਆ ਨਹੀਂ ਹੋ ਸਕੀ। ਮਾਸਟਰ ਪ੍ਰੇਮ ਸਿੰਘ ਦਾ ਮੱਤ ਸੀ ਕਿ ਜਿੰਨਾ ਚਿਰ ਸਾਹਿਤਕਾਰ ਸਮੇਂ ਦੀਆਂ ਵਿਰੋਧਤਾਈਆਂ ਨੂੰ ਸਮਝ ਕੇ ਨਿਰੋਈ ਸੋਚਣੀ ਨਹੀਂ ਲਿਖਦਾ ਉਹ ਮਹਾਨ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦਾ। ਅਵਤਾਰ ਸਾਦਿਕ ਨੇ ਪਰਚੇ ਦੀ ਸਿਫ਼ਤ ਕੀਤੀ। ਸੰਤੋਖ ਸਿੰਘ ਸੰਤੋਖ ਦਾ ਖ਼ਿਆਲ ਸੀ ਜਿਹੜਾ ਸਾਹਿਤਕਾਰ ਉਪਭਾਵਕ ਹੋ ਕੇ ਜਮਾਤੀ ਲੜਾਈ ਨੂੰ ਭੁਲਾ ਦਿੰਦਾ ਹੈ ਉਹ ਕਾਮਯਾਬ ਨਹੀਂ ਹੋ ਸਕਦਾ। ਸ਼ੰਕਰ ਜੈਸੀਲਾ ਨੇ ਗਿਲਾ ਕੀਤਾ ਕਿ ਪਰਚੇ ਵਿਚ ਸਾਹਿਤ ਅਤੇ ਅਣਸਾਹਿਤ ਦਾ ਨਿਰਣਾ ਨਹੀਂ ਹੋ ਸਕਿਆ। ਗੁਰਦਿਆਲ ਸਿੰਘ ਮੋਮਣ ਦਾ ਮੱਤ ਸੀ ਕਿ ਜਿਸ ਸਾਹਿਤ ਵਿਚ ਸਦੀਵੀ ਸਚਾਈ ਨਹੀਂ ਉਹ ਸਾਹਿਤ ਸਦਾ ਜੀਉਂਦਾ ਨਹੀਂ ਰਹਿ ਸਕਦਾ। ਮਹਿਮੂਦ ਨਦੀਮ ਦਾ ਵਿਚਾਰ ਸੀ ਕਿ ਮਾਰਕਸਵਾਦ ਮਸ਼ੀਨਰੀ ਤਰੀਕੇ ਨਾਲ ਸਾਹਿਤ ਉਤੇ ਲਾਗੂ ਨਹੀਂ ਹੋ ਸਕਦਾ। ਤਰਸੇਮ ਨੀਲਗਿਰੀ ਨੇ ਕਿਹਾ ਕਿ ਜਮਾਤੀ ਘੋਲ ਸਮੇਂ ਜਿਹੜਾ ਸਾਹਿਤ ਉਭਰਿਆ ਸਮਾਜ ਦੀ ਸੇਵਾ ਕਰਦਾ ਹੈ ਉਸ ਵਿਚ ਕਲਾ ਦੇ ਅਸਲੀ ਗੁਣ ਪੈਦਾ ਹੋ ਹੀ ਨਹੀਂ ਸਕਦੇ।

ਹਰਜੀਤ ਦੇਵਗੀਆ, ਪ੍ਰਕਾਸ਼ ਆਜ਼ਾਦ, ਤਰਲੋਚਨ ਸਿੰਘ, ਸ੍ਰੀਮਤੀ ਅੰਮ੍ਰਿਤ ਕੌਰ ਨੇ ਵੀ ਬਹਿਸ ਵਿਚ ਆਪਣਾ ਯੋਗਦਾਨ ਪਾਇਆ। ਬਹਿਸਾਂ ਪਿਛੋਂ ਰਘਬੀਰ ਢੰਡ ਨੇ ਉਪਜਦੇ ਸਵਾਲਾਂ ਦੇ ਬੜੀ ਸੁਹਿਰਦਤਾ ਨਾਲ ਉੱਤਰ ਦਿੱਤੇ। ਅੰਤ ਵਿਚ ਗੁਰਨਾਮ ਢਿੱਲੋਂ ਨੇ ਚਾਰ ਮਤੇ ਪੇਸ਼ ਕੀਤੇ ਜੋ ਸਰਬ-ਸੰਮਤੀ ਨਾਲ ਪਰਵਾਨ ਹੋ ਗਏ।

ਸਾਰੇ ਸਾਹਿਤਕਾਰ ਇਕ ਦੂਜੇ ਨੂੰ ਗਲਵੱਕੜੀਆਂ ਪਾਉਂਦੇ ਆਪੋ ਆਪਣੇ ਸ਼ਹਿਰ ਨੂੰ ਤੁਰ ਪਏ।

ਕਾਨਫਰੰਸ ਤੇ ਪੜ੍ਹੇ ਪਰਚਿਆਂ ਬਾਰੇ ਅਤੇ ਹੋਰ ਜਾਣਕਾਰੀ ਲਈ ਹੇਠ ਲਿਖੇ ਸਰਨਾਵੇਂ ਤੇ ਸੰਪਰਕ ਪੈਦਾ ਕੀਤਾ ਜਾਵੇ।

ਗੁਰਨਾਮ ਢਿੱਲੋਂ ਜਨਰਲ ਸਕੱਤਰ
236 TWYFORD AVE
PORTSMOUTH. HAMTS.

# Super Saver Grocery Store
# 6236 Fraser Street, Vancouver

**ਹਰ ਇਕ ਕਿਸਮ ਦੀ ਗਰਾਸਰੀ**

**ਜਿਵੇਂ ਕਿ:** ਵਧੀਆ ਦਾਲਾਂ, ਚਾਵਲ,
ਮਸਾਲੇ, ਆਚਾਰ, ਮੁਰਬੇ, ਚਟਨੀਆਂ, ਪਾਪੜ,
ਪਿਸਤਾ, ਕਾਜੂ, ਸਬਜ਼ੀਆਂ, ਨਮਕੀਨ ਤੇ ਸੈਂਕੜੇ
ਹੋਰ ਚੀਜ਼ਾਂ. ਘਟ ਕੀਮਤ ਤੇ ਲੈਣ ਲਈ ਹਮੇਸ਼ਾ
ਯਾਦ ਰਖੋ। ਵਿਆਹਾਂ ਸ਼ਾਦੀਆਂ. ਅਖੰਡ ਪਾਠਾਂ ਧਾਰਮਿਕ ਕਾਰਜਾਂ
ਲਈ ਖਾਸ ਰਿਆਇਤ।
ਵੈਨਕਵਰ ਤੋਂ ਬਾਹਰ ਸਮਾਨ ਭੇਜਣ ਦਾ ਖਾਸ ਪ੍ਰਬੰਧ ਹੈ।

**FRESH FRUITS**
**VEGETABLES**



PAL

**STAINLESS STEEL UTENSILS 10% off**

**Time: 9 a.m.-9 p.m. Seven days a week.**

**Tel. Bus.324-1838,**
**Res.278-5802**

---

# ਭਾਰਤ ਵਿਚ ਜਾਇਦਾਦ ਦੇ ਮਾਲਕਾਂ ਦੇ ਧਿਆਨ ਯੋਗ

ਭਾਰਤ ਸਰਕਾਰ ਨੇ ਪਹਿਲੀ ਜਨਵਰੀ 1974 ਤੋਂ FOREIGN EXCHANGE REGULATION ACT, 1973 (ਵਿਦੇਸ਼ੀ ਮੁਦ੍ਰਾ ਵਿਨਿਯਮਨ ਅਧਿਨਿਯਮ) ਲਾਗੂ ਕੀਤਾ ਸੀ ਜਿਸ ਅਧੀਨ ਸਾਰੇ ਵਿਦੇਸ਼ੀ ਨਾਗਰਿਕਾਂ ਨੂੰ ਜਿਨ੍ਹਾਂ ਦੇ ਕਬਜ਼ੇ ਵਿਚ ਕੋਈ ਗੈਰਮੰਕੂਲਾ ਜਾਇਦਾਦ ਸੀ 31 ਮਈ 1974 ਤੋਂ ਪਹਿਲਾਂ ਉਸ ਦਾ ਵੇਰਵਾ ਭਾਰਤੀ ਰਿਜ਼ਰਵ ਬੈਂਕ ਨੂੰ ਭੇਜਣਾ ਸੀ ਅਤੇ ਪਹਿਲੀ ਜਨਵਰੀ 1974 ਤੋਂ ਬਾਅਦ ਕਿਸੇ ਜਾਇਦਾਦ ਦੇ ਲੈਣ, ਹਿਬਾ, ਤੋਹਫ਼ਾ, ਵਸੀਅਤ ਆਦਿ ਰਾਹੀਂ ਲੈਣ ਅਤੇ ਦੇਣ ਲਈ ਭਾਰਤੀ ਰਿਜ਼ਰਵ ਬੈਂਕ ਦੀ ਅਗੇਤਰੀ ਇਜਾਜ਼ਤ ਲੋੜੀਂਦੀ ਹੈ। ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਤੇ ਜਾਇਦਾਦ ਦੇ ਮੁੱਲ ਦਾ ਪੰਜ ਗੁਣਾ ਤੱਕ ਜੁਰਮਾਨਾ ਹੋ ਸਕਦਾ ਹੈ ਅਤੇ ਅਦਾਲਤੀ ਮੁਕੱਦਮੇ ਰਾਹੀਂ ਛੇ ਮਹੀਨੇ ਤੋਂ ਸੱਤ ਸਾਲ ਤੱਕ ਸਜ਼ਾ ਹੋ ਸਕਦੀ ਹੈ।

ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ ਦੀਆਂ ਮੁਸ਼ਕਲਾਂ ਨੂੰ ਮਹਿਸੂਸ ਕਰਦੇ ਹੋਏ ਭਾਰਤ ਸਰਕਾਰ ਨੇ ਹੁਣੇ ਜਿਹੇ ਕਾਫੀ ਸਹੂਲਤਾਂ ਦਿੱਤੀਆਂ ਹਨ ਤਾਂ ਕਿ ਜੋ ਲੋਗ ਕਾਨੂੰਨ ਨੂੰ ਨਾ ਜਾਣਦੇ ਹੋਏ ਕਾਨੂੰਨ ਦੀ ਉਲੰਘਣਾ ਕਰ ਚੁੱਕੇ ਹਨ ਉਨ੍ਹਾਂ ਨੂੰ ਆਪਣੀ ਭੁੱਲ ਸੁਧਾਰਨ ਦਾ ਇਕ ਮੌਕਾ ਹੋਰ ਦਿੱਤਾ ਜਾਵੇ। ਜੇਕਰ ਅਜਿਹੇ ਨਾਗਰਿਕਾਂ ਦੇ ਕਬਜ਼ੇ ਵਿਚ ਜੋ ਕੋਈ ਅਜੇਹੀ ਜਾਇਦਾਦ ਜਨਵਰੀ 1974 ਤੋਂ ਪਹਿਲਾਂ ਸੀ ਤਾਂ ਉਸ ਦਾ ਵੇਰਵਾ ਹਰ ਹਾਲਤ ਵਿਚ 31 ਦਸੰਬਰ 1979 ਤੱਕ ਭਾਰਤੀ ਰਿਜ਼ਰਵ ਬੈਂਕ ਨੂੰ ਪੁੱਜਣਾ ਚਾਹੀਦਾ ਹੈ। ਜੇਕਰ ਕਿਸੇ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਨੇ 1 ਜਨਵਰੀ 1974 ਤੋਂ 31 ਮਈ 1979 ਤੱਕ ਕੋਈ ਜਾਇਦਾਦ ਆਪਣੇ ਕਬਜ਼ੇ ਵਿਚ ਭਾਰਤੀ ਰਿਜ਼ਰਵ ਬੈਂਕ ਦੀ ਅਗੇਤਰੀ ਮਨਜ਼ੂਰੀ ਤੋਂ ਬਿਨਾਂ ਲਈ ਹੈ ਉਹ ਵੀ ਮਨਜ਼ੂਰੀ ਦੀਆਂ ਦਰਖਾਸਤਾਂ ਜਲਦੀ ਤੋਂ ਜਲਦੀ 31 ਦਸੰਬਰ 1979 ਤੱਕ ਰਿਜ਼ਰਵ ਬੈਂਕ ਨੂੰ ਪੁਜਾ ਦੇਣ। ਅਜਿਹਾ ਨਾ ਕੀਤੇ ਜਾਣ ਤੇ ਕੋਈ ਵੀ ਕਰੜੀ ਕਾਰਵਾਈ ਕੀਤੀ ਜਾ ਸਕਦੀ ਹੈ।

ਜਿਹੜੇ ਭਾਰਤੀ ਨਾਗਰਿਕ ਕਿਸੇ ਜਾਇਦਾਦ ਦੇ ਮਾਲਕ ਬਣਨ ਬਾਅਦ ਵਿਦੇਸ਼ੀ ਨਾਗਰਿਕ ਹੋ ਜਾਂਦੇ ਹਨ ਉਨ੍ਹਾਂ ਨੂੰ ਫੌਰਨ ਹੀ ਭਾਰਤੀ ਰਿਜ਼ਰਵ ਬੈਂਕ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ।

ਅਜੇਹੇ ਸਾਰੇ ਮਾਮਲਿਆਂ ਤੇ ਕਾਨੂੰਨੀ ਸਲਾਹ ਲਈ ਇਕ ਸੀਨੀਅਰ ਤਜਰਬੇਕਾਰ ਰਿਟਾਇਰਡ ਅਫਸਰ ਦੀਆਂ ਸੇਵਾਵਾਂ ਲਵੋ। ਆਪਣੇ ਭਾਰਤੀ ਮੁਖਤਾਰ ਨੂੰ ਲਿਖੋ ਕਿ ਮੈਨੂੰ ਮਿਲੇ ਤਾਂ ਕਿ ਠੀਕ ਤਰ੍ਹਾਂ ਦਰਖਾਸਤਾਂ ਤਿਆਰ ਕਰਾਈਆਂ ਜਾ ਸਕਣ।

A. S. BERAR (I.R.S. RTD.)
ALANKAR AKALSAR ROAD
MOGA. 142001 INDIA.

PHONE NO. MOGA - 2800

(PAID AD.)

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233


# FRONTIER CLOTH HOUSE LTD.
**6695 MAIN STREET VANCOUVER, B.C.**

*A happy Diwali and a prosperous New Year*

Tel.: 325-4424

**FRONTIER**

**THE HOUSE OF FASHION FABRICS**

Tel.: 325-3515

**FRONTIER**

**THE HOUSE OF BEAUTIFUL SAREES**



***Frontier — the Fair Deal Store***

***Frontier — the First In Fashion***

## THINK OF US AS BIGGEST SAREE STORE IN CANADA


WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2